
# ਅੰਮ੍ਰਿਤ ਕੀਰਤਨ

ਈ-ਮੈਗਜ਼ੀਨ | e-Magazine



ਤਖਤ ਸ੍ਰੀ ਕੇਸਗੜ੍ਹ ਸਾਹਿਬ


ਸੰਪਾਦਕ
ਡਾ. ਜਾਗੀਰ ਸਿੰਘ



ਵੈਸਾਖ ਵਿਸ਼ੇਸ਼ ਅੰਕ
ਅਪ੍ਰੈਲ ੨੦੨੬



# ਟ

ਟੇਕ ਜਿਨ੍ਹਾਂ ਨੂੰ ਸਾਈਂ ਵਾਲੀ,
ਸੋਈ ਸੁਖੀ ਵਸੰਦੇ ਹੂ।
ਪ੍ਰਾਤਾ ਕਾਲ ਸਵੇਰੇ ਉਠ ਕੇ,
ਭਗਤੀ ਵਿਚ ਬਹਿੰਦੇ ਹੂ।
ਕਾਰ ਵਿਹਾਰ ਸੁਚੱਜਾ ਕਰਦੇ,
ਨੇਕੀ ਮੁਖ ਰਖੰਦੇ ਹੂ।
ਜੋਈ ਸਿਮਰਨ ਪ੍ਰਭ ਦਾ ਕਰਦੇ,
ਉਹੀ ਰਬ ਦੇ ਬੰਦੇ ਹੂ।

# ਅੰਮ੍ਰਿਤ ਕੀਰਤਨ


ਸੰਪਾਦਕ
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ.ਡੀ

ਸਹਿਯੋਗੀ
ਸ. ਹਰਭਜਨ ਸਿੰਘ, ਸ. ਨਵਤੇਜ ਸਿੰਘ
ਅਤੇ ਸ. ਅਰਸ਼ਦੀਪ ਸਿੰਘ


AMRIT KIRTAN TRUST

SCAN & PAY

UPI ID: drjagirsingh@sbi


**ਅੰਮ੍ਰਿਤ ਕੀਰਤਨ ਲਈ ਡਰਾਫਟ, ਮਾਇਕ ਸਹਾਇਤਾ ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 98556 40630
e-mail: drjagirsingh@gmail.com
Website : http://www.amritkirtan.com


* ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
* 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।


ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ
**ਮੈਜੇਸਟਿਕ ਪ੍ਰਿੰਟਿੰਗ ਪ੍ਰੈਸ**
ਬੇ-ਸ਼ਾਪ ਨੰ: 7, ਫੇਜ਼ 7, ਮੁਹਾਲੀ
ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ
ਤੋਂ ਪ੍ਰਕਾਸ਼ਿਤ ਕੀਤਾ।


## ਇਸ ਅੰਕ ਵਿਚ


**ਕਰਉ ਬੇਨੰਤੀਆ**
ਕੈਪਟਨ ਅਮਰੀਕ ਸਿੰਘ ਜੀ ਦਾ ਅਕਾਲ ਚਲਾਣਾ 2

**ਸ੍ਰੀ ਗੁਰੂ ਗੋਬਿੰਦ ਸਿੰਘ ਜੀ : ਗੁਰਮਤਿ ਸੰਗੀਤ ਨੂੰ ਦੇਣ** 4
ਜਸਵਿੰਦਰ ਸਿੰਘ

**ਡਾਕਟਰ ਭਾਈ ਸਰਬ ਸਿੰਘ** 16
ਸਵ. ਅਨੁਵੰਤ ਕੌਰ

**ਰਾਗ ਕਾਮੋਦ** 20
ਪ੍ਰਿੰ. ਗਿਆਨੀ ਦਿਆਲ ਸਿੰਘ


**ਮੈਗਜੀਨ ਦਾ ਸਾਲਾਨਾ ਚੰਦਾ 600/-ਰੁਪਏ**
**ਮੈਗਜੀਨ ਦਾ ਚੰਦਾ ਆਪ ਜੀ ਆਨਲਾਈਨ ਹੇਠ ਲਿਖੇ ਅਨੁਸਾਰ ਭੇਜ ਸਕਦੇ ਹੋ।**
**AMRIT KIRTAN TRUST**
Saving Bank A/c No. **65079603302**, IFSC: **SBIN0018141** in the State Bank of India, Phase 3B2, Mohali Punjab Branch. After such a Deposit, please inform us your Aadhar No., Pan No., Name & Address and also the deposit details to enable us to send you the receipt.

**DONATIONS TO AMRIT KIRTAN TRUST**
Cheques/Drafts should be sent in the name of **AMRIT KIRTAN TRUST** payable at Mohali. Donations can also be sent by money order at the address **AMRIT KIRTAN TRUST** (Regd.) 422, Sector 15-A,Chandigarh-160015. The Donations can be made by Electronic Transfer.
**Bank details :**
**AMRIT KIRTAN TRUST**
Saving Bank A/c No. **65079603302**, IFSC: **SBIN0018141** in the State Bank of India, Phase 3B2, Mohali Punjab Branch. After such a Deposit, please inform us your Aadhar No., Pan No. Name & Address and also the deposit details to enable us to send you the receipt.

# ਕਰਉ ਬੇਨੰਤੀਆ

## ਮੇਰੇ ਚਾਚਾ ਜੀ ਕੈਪਟਨ ਅਮਰੀਕ ਸਿੰਘ ਜੀ ਅਕਾਲ ਚਲਾਣਾ ਕਰ ਗਏ



ਮੈਂ ਅਤੇ ਮੇਰੇ ਚਾਚਾ ਜੀ ਕੈਪਟਨ ਅਮਰੀਕ ਸਿੰਘ ਜੀ

(ਮੇਰੇ ਚਾਚਾ ਜੀ ਕੈਪਟਨ ਅਮਰੀਕ ਸਿੰਘ ਜੀ ਦੇ ਅਕਾਲ ਚਲਾਣੇ ਨਾਲ ਮੈਨੂੰ ਜਾਪਦਾ ਹੈ ਕਿ ਮੇਰੇ ਸਿਰ ਤੋਂ ਜਿਵੇਂ ਛੱਤ ਹੀ ਗੁੰਮ ਹੋ ਗਈ ਹੋਵੇ। ਮੇਰੇ ਪਿਆਰੇ ਵਡੇਰਿਆਂ ਵਿੱਚ ਮੇਰੇ ਦਾਦਾ ਜੀ ਗੁਰਮੁਖ ਸਿੰਘ, ਤਾਇਆ ਜੀ ਗਿਆਨੀ ਤਖਤ ਸਿੰਘ ਮੇਰੇ ਪਿਤਾ ਜੀ ਭਾਈ ਉੱਤਮ ਸਿੰਘ, ਮੇਰੇ ਮਾਮਾ ਜੀ ਦਰਸ਼ਨ ਸਿੰਘ ਅਤੇ ਹੁਣ ਚਾਚਾ ਜੀ ਅਮਰੀਕ ਸਿੰਘ ਜੀ ਚਲੇ ਗਏ। ਮੈਨੂੰ ਇਹਨਾਂ ਸਾਰਿਆਂ ਵੱਲੋਂ ਵਿਸ਼ੇਸ਼ ਪਿਆਰ ਅਤੇ ਸੁਚੱਜੀ ਅਗਵਾਈ ਪ੍ਰਾਪਤ ਹੁੰਦੀ ਰਹੀ ਹੈ। ਇਹ ਸਾਰੇ ਹੀ ਮੇਰੀਆਂ ਕਾਮਯਾਬੀਆਂ ਤੇ ਰਸ਼ਕ ਕਰਦੇ ਰਹੇ ਹਨ ਅਤੇ ਅਸੀਸਾਂ ਦਿੰਦੇ ਰਹੇ ਹਨ। ਚਾਚਾ ਜੀ ਇਹਨਾਂ ਸਾਰਿਆਂ ਵਿੱਚੋਂ ਉਮਰ ਵਿੱਚ ਸਭ ਤੋਂ ਨੇੜੇ ਸਨ ਮੈਂ ਜਵਾਨੀ ਸਮੇਂ ਉਹਨਾਂ ਦੀਆਂ ਕਠਿਨ ਘਾਲਣਾਵਾਂ ਅਤੇ ਪ੍ਰਾਪਤੀਆਂ ਦੇ ਅੰਗ ਸੰਗ ਰਿਹਾ ਹਾਂ। ਉਹਨਾਂ ਦੇ ਸਿਰੜ ਅਤੇ ਆਪਣੀ ਲਗਨ ਨੂੰ ਪੂਰਾ ਕਰਨ ਲਈ ਕੀਤੀਆਂ ਕੋਸ਼ਿਸ਼ਾਂ ਤੋਂ ਬਹੁਤ ਕੁਝ ਸਿਖਦਾ ਰਿਹਾ ਹਾਂ। ਉਹਨਾਂ ਵਿੱਚ ਉਚੇਰੀ ਵਿਦਿਆ ਹਾਸਲ ਕਰਨ ਦਾ ਜੰਨੂਨ ਸੀ। ਮਜਬੂਰੀ ਕਾਰਨ ਫੌਜ ਵਿੱਚ ਚਲੇ ਗਏ ਪਰ ਉਥੇ ਉਹਨਾਂ ਨੇ ਗਿਆਨੀ ਅਤੇ ਬੀ ਏ ਕਰਕੇ ਵਿਸ਼ੇਸ਼ ਨਾਮਣਾ ਖੱਟਿਆ। ਉਹ ਹੁਣ ਚਲਦੇ ਫਿਰਦੇ ਗੁਰਮਤਿ ਦੇ ਪ੍ਰੇਰਨਾਂ ਸਰੋਤ ਬਣ ਚੁਕੇ ਸਨ। ਜੋ ਮਿਲਦਾ ਉਸਨੂੰ ਉਤਸਾਹਿਤ ਕਰਦੇ ਅਤੇ ਗੁਰਮਤਿ ਦੀ ਕੋਈ ਨਾ ਕੋਈ ਸਿੱਖਿਆ ਦਿੰਦੇ। ਕੁਝ ਸਮਾਂ ਪਹਿਲਾਂ ਹੀ ਉਹਨਾਂ ਨੇ ਮੈਨੂੰ ਇੱਕ ਲਿਖਤ ਭੇਜੀ ਜਿਸ ਬਾਰੇ ਮੈਂ ਐਡੀਟੋਰੀਅਲ ਲਿਖਿਆ ਸੀ । ਉਸ ਨੂੰ ਫਿਰ ਸ਼ਰਧਾਂਜਲੀ ਵਜੋਂ ਛਾਪ ਰਹੇ ਹਾਂ।)

### ਗੁਰਮੁਖਿ ਬੁਢੇ ਕਦੇ ਨਾਹੀ

ਅੱਜ ਮੇਰੇ ਚਾਚਾ ਜੀ ਕੈਪਟਨ ਅਮਰੀਕ ਸਿੰਘ ਜੀ ਦੀ ਅਸੀਸ ਉਹਨਾਂ ਦੇ ਹੱਥ ਲਿਖਤ ਸੁਨੇਹੇ ਦੇ ਰੂਪ ਵਿੱਚ ਲੰਡਨ ਤੋਂ ਉਹਨਾਂ ਦੇ ਸਪੁੱਤਰ ਬਲਜਿੰਦਰ ਸਿੰਘ ਰਾਠੌਰ ਰਾਹੀਂ ਪ੍ਰਾਪਤ ਹੋਈ:

**ਗੁਰਮੁਖਿ ਬੁਢੇ ਕਦੇ ਨਾਹੀ ਜਿਨ੍ਹਾਂ ਅੰਤਰਿ ਸੁਰਤਿ ਗਿਆਨ॥**
**ਸਦਾ ਸਦਾ ਹਰਿ ਗੁਣ ਰਵਹਿ ਅੰਤਰਿ ਸਹਜ ਧਿਆਨੁ॥**
**ਓਇ ਸਦਾ ਅਨੰਦਿ ਬਿਬੇਕ ਰਹਹਿ ਦੁਖਿ ਸੁਖਿ ਏਕ ਸਮਾਨਿ॥**
**ਤਿਨਾ ਨਦਰੀ ਇਕੋ ਆਇਆ ਸਭੁ ਆਤਮ ਰਾਮੁ ਪਛਾਨੁ॥੪੪॥**

**(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੪੧੮)**

ਅਗਰ ਬ੍ਰਿਧ ਅਵਸਥਾ (ਓਲਡ ਏਜ) ਵਿੱਚ ਹੋਸ਼ ਦੇ ਨਾਲ ਜੋਸ਼ ਵੀ ਹੋਵੇ, ਉਤਸ਼ਾਹ ਹੋਵੇ ਉਮੰਗ ਹੋਵੇ-ਜੀਵਨ ਦੀ ਤਰੰਗ ਹੋਵੇ, ਰੱਬੀ ਰਸ ਨਾਲ ਤੇ ਦੈਵੀ ਗੁਣਾਂ ਨਾਲ ਹਿਰਦਾ ਭਰਿਆ ਹੋਵੇ, ਐਸੇ ਪੁਰਸ਼ ਕੋਲ ਬੁਢੇਪੇ ਵਿੱਚ ਵੀ ਤਾਜ਼ਗੀ ਹੁੰਦੀ ਹੈ। ਬਲੈਸਿੰਗ ਹਨ।---- ਸਦਾ ਸਦਾ ਹਰਿ ਗੁਣ ਰਵਹਿ ਅੰਤਰਿ ਸਹਜ ਧਿਆਨ।-------

ਬੜੀ ਦੇਰ ਬਾਅਦ ਚਾਚਾ ਜੀ ਦੀ ਹੱਥ ਲਿਖਤ ਦੇਖੀ ਤਾਂ ਪੁਰਾਣੀਆਂ ਯਾਦਾਂ ਤਾਜ਼ਾ ਹੋ ਗਈਆਂ। ਮੈਨੂੰ ਊੜਾ ਐੜਾ ਲਿਖਣਾ  ਚਾਚਾ ਜੀ ਨੇ ਹੀ ਸਿਖਾਇਆ ਹੈ। ਮੈਨੂੰ ਯਾਦ ਹੈ ਜਦੋਂ ਮੈਂ ਪਹਿਲੀ ਕਲਾਸ ਵਿੱਚ ਦਾਖਲ ਹੋਇਆ ਤਾਂ ਰਾਜਪੁਰਾ ਤਹਿਸੀਲ ਦੇ ਪਿੰਡ ਲੋਹਾਖੇੜੀ ਵਿੱਚ ਪ੍ਰਾਇਮਰੀ ਸਕੂਲ ਨਹੀਂ ਸੀ।  ਨੇੜਲੇ ਪਿੰਡ ਕੁੱਤਾ ਖੇੜੀ ਜਿਸਨੂੰ ਕੁਥਾ ਖੇੜੀ ਵੀ ਆਖਦੇ ਹਨ ਉਥੇ ਪ੍ਰਾਇਮਰੀ ਸਕੂਲ ਸੀ। ਹਰਪਾਲ ਪੁਰ ਮਿਡਲ ਸਕੂਲ ਸੀ ਮੈਂ ਕੁਤਾ

ਖੇੜੀ ਜਾਂਦਾ ਸਾਂ ਤੇ ਚਾਚਾ ਜੀ ਹਰਪਾਲ ਪੁਰ ਜਾਂਦੇ ਸਨ।ਪੱਗ ਬੰਨ੍ਹਣ ਦੀ ਜਾਚ ਵੀ ਮੈਨੂੰ ਚਾਚਾ ਜੀ ਨੇ ਹੀ ਸਿਖਾਈ ਸੀ।ਫਿਰ ਰਾਮਪੁਰ ਯੂ ਪੀ ਤੋਂ ਬਾਅਦ ਘੁੰਮਦੇ ਘੁੰਮਾਉਂਦੇ ਅਸੀਂ ਅੰਬਾਲੇ ਆ ਗਏ ਤਾਂ ਉਦੋਂ ਮੈਂ ਅਠਵੀਂ ਵਿੱਚ ਪੜ੍ਹਦਾ ਸੀ।ਯੂ ਪੀ ਦੇ ਸਕੂਲ ਵਿੱਚ ਸਤਵੀਂ ਪਾਸ ਕਰਕੇ ਆਇਆ ਤਾਂ ਇੱਥੇ ਅੰਬਾਲੇ ਕਿਤੇ ਦਾਖਲਾ ਨਾ ਮਿਲਿਆ। ਅਠਵੀਂ ਪ੍ਰਾਈਵੇਟ ਕਰਨੀ ਪਈ।ਚਾਚਾ ਜੀ ਉਦੋਂ ਜੈਨ ਕਾਲਜ ਵਿੱਚ ਪੜ੍ਹਦੇ ਸਨ। ਮੈਂ ਅਤੇ ਚਾਚਾ ਜੀ ਅੰਬਾਲੇ ਹੀ ਰਹਿੰਦੇ ਸਾਂ।ਕਈ ਵਾਰੀ ਅਸੀਂ ਨੇੜਲੇ ਕਸਬਿਆਂ ਵਿੱਚ ਗੁਰਪੁਰਬਾਂ ਤੇ ਕੀਰਤਨ ਕਰਨ ਵੀ ਜਾਂਦੇ ਸਾਂ।ਚਾਚਾ ਜੀ ਨੂੰ ਚੰਗਾ ਸਾਹਿਤ ਪੜ੍ਹਨ ਦਾ ਸ਼ੌਕ ਸੀ।ਉਹ ਜੋ ਕੁਝ ਪੜ੍ਹਦੇ ਉਸ ਅਨੁਸਾਰ ਆਪਣੇ ਜੀਵਨ ਨੂੰ ਢਾਲਣ ਦੀ ਕੋਸ਼ਿਸ਼ ਕਰਦੇ ਸਨ। ਜਾਪਦਾ ਸੀ ਕਿ ਉਹ ਕਿਸੇ ਐਸੇ ਤਰੀਕੇ ਦੀ ਤਾਲਾਸ਼ ਵਿੱਚ ਸਨ ਜਿਸ ਨਾਲ ਤਤਕਾਲੀ ਸਮੱਸਿਆਵਾਂ ਦਾ ਮੁਕਾਬਲਾ ਕੀਤਾ ਜਾ ਸਕੇ।ਉਹ ਨਵੇਂ ਨਵੇਂ ਤਜਰਬੇ ਕਰਦੇ ਰਹਿੰਦੇ ਸਨ।ਉਹਨਾਂ ਨੇ ਆਪਣੇ ਘਰ ਵਿੱਚ ਹੀ ਇੱਕ ਕੁਟੀਆ ਬਣਾ ਕੇ ਲਗਾਤਾਰ ਪਾਠ ਅਤੇ ਸਿਮਰਨ ਵੀ ਅਰੰਭ ਕੀਤਾ।ਉਹਨਾਂ ਦੇ ਅਜਿਹੇ ਕਈ ਤਜਰਬਿਆਂ ਦਾ ਮੈਂ ਸਾਖੀ ਹਾਂ।ਗਿਆਨੀ ਪਾਸ ਕਰਨ ਲਈ ਅੰਬਾਲਾ ਛਾਉਣੀ ਦੇ ਗਿਆਨੀ ਸੰਤੋਖ ਸਿੰਘ ਜੀ ਦੇ ਵਿਦਿਆਲੇ ਵਿੱਚ ਦਾਖਲ ਹੋਏ।ਕੁਝ ਸਮਾਂ ਚਾਚਾ ਜੀ ਨੇ ਵਾਇਲਨ ਵੀ ਸਿੱਖੀ ।ਵਾਇਲਨ ਉੱਤੇ ਉਹਨਾਂ ਵੱਲੋਂ ਵਜਾਈਆਂ ਰਾਗ ਭੈਰਵ ਦੀਆਂ ਸਰਗਮਾਂ ਅਜੇ ਵੀ ਮੇਰੇ ਚੇਤੇ ਵਿੱਚ ਹਨ।ਚਾਚਾ ਜੀ ਦੀ ਲਿਖਾਈ ਬਹੁਤ ਸੁਹਣੀ ਸੀ। ਮੈਂ ਹਮੇਸ਼ਾ ਉਸ ਦੀ ਨਕਲ ਕਰਨ ਕੀ ਕੋਸ਼ਿਸ਼ ਕਰਦਾ ਰਿਹਾ ਹਾਂ। ਹੁਣ ਵੀ ਮੇਰੀ ਅੰਗਰੇਜ਼ੀ ਅਤੇ ਪੰਜਾਬੀ ਦੀ ਲਿਖਾਈ ਚਾਚਾ ਜੀ ਦੀ ਲਿਖਾਈ ਨਾਲ ਮਿਲਦੀ ਹੈ।ਘਰੇਲੂ ਮਜਬੂਰੀਆਂ ਕਾਰਨ ਉਹ ਫੌਜ ਵਿੱਚ ਚਲੇ ਗਏ। ਪਹਿਲਾਂ ਉਹ ਸਿਗਨਲ ਕੋਰ ਵਿੱਚ ਭਰਤੀ ਹੋਏ ਪਰ ਛੇਤੀ ਹੀ ਉਹਨਾਂ ਨੇ ਵਿੱਦਿਆ ਹਾਸਲ ਕਰਕੇ ਫੌਜ ਦੇ ਗੁਰਦੁਆਰਾ ਸਾਹਿਬ ਵਿੱਚ ਡੀਊਟੀ ਸ਼ੁਰੂ ਕਰ ਲਈ। ਇੱਥੇ ਉਹਨਾਂ ਨੇ ਅਧਿਐਨ ਕਰਕੇ ਕਾਫੀ ਗਿਆਨ ਹਾਸਲ ਕੀਤਾ।ਚੰਡੀਗੜ੍ਹ ਦੇ ਕਈ ਕਰਨਲ ਜਨਰਲ ਉਹਨਾਂ ਨੂੰ ਬੜੇ ਸਤਿਕਾਰ ਨਾਲ ' ਬਾਬਾ ਜੀ'ਕਹਿ ਕੇ ਯਾਦ ਕਰਦੇ ਹਨ।

ਜਦੋਂ ਚਾਚਾ ਜੀ ਫੌਜ ਵਿੱਚ ਚਲੇ ਗਏ ਤਾਂ ਉਹਨਾਂ ਦੀਆਂ ਚਿੱਠੀਆਂ ਦੀ ਉਡੀਕ ਹੁੰਦੀ ਸੀ। ਉਹਨਾਂ ਚਿਠੀਆਂ ਦੀ ਇਬਾਰਤ ਤੋਂ ਹੀ ਮੈਂ ਚਿਠੀਆਂ ਲਿਖਣੀਆਂ ਵੀ ਸਿੱਖੀਆਂ। ਚਾਚਾ ਜੀ ਨੂੰ ਆਪਣੇ ਪਰਿਵਾਰ ਦੇ ਬੱਚਿਆਂ ਨੂੰ ਪੜ੍ਹਨ ਲਈ ਪ੍ਰੇਰਨਾਂ ਦੇਣੀ ਅਤੇ ਮਾਇਕ ਸਹਾਇਤਾ ਕਰਨ ਦਾ ਚਾਅ ਹੁੰਦਾ ਸੀ। ਮੇਰੇ ਭੂਆ ਜੀ ਦੇ ਬੇਟੇ ਗੁਰਦੀਪ ਸਿੰਘ (ਸੁਰਗਵਾਸੀ ਗੁਰਦੀਪ ਕਾਮਰੇਡ ਪੰਜਾਬ ਯੂਨੀਵਰਸਿਟੀ) ਨੂੰ ਉਸ ਦੇ ਐਮ ਏ ਕਰਨ ਤਕ ਕੁਝ ਨਾ ਕੁਝ ਮਾਇਕ ਸਹਾਇਤਾ ਭੇਜਦੇ ਰਹੇ। ਮੈਂ ਉਦੋਂ ਗੁਰੂ ਗੋਬਿੰਦ ਸਿੰਘ ਕਾਲਜ ਚੰਡੀਗੜ੍ਹ ਵਿੱਚ ਹੋਸਟਲ ਦਾ ਵਾਰਡਨ ਸੀ। ਗੁਰਦੀਪ ਮੇਰੇ ਕੋਲ ਹੀ ਰਹਿੰਦਾ ਸੀ।ਚਾਚਾ ਜੀ ਨੇ ਤੰਗੀਆਂ ਤੁਰਸ਼ੀਆਂ ਵਿੱਚ ਜਿਹੜੀਆਂ ਮਿਹਨਤਾਂ ਕੀਤੀਆਂ ਮੈਂ ਉਹਨਾਂ ਬਾਰੇ ਸੋਚ ਕੇ ਹੈਰਾਨ ਵੀ ਹੁੰਦਾ ਹਾਂ ਅਤੇ ਸਦਾ ਨਮਸਕਾਰ ਕਰਦਾ ਹਾਂ।ਉਹਨਾਂ ਦੇ ਜੀਵਨ ਦਾ ਪ੍ਰਭਾਵ ਉਹਨਾਂ ਦੇ ਦੋਹਾਂ ਬੱਚਿਆਂ ਵਿੱਚ ਵੇਖਣ ਨੂੰ ਮਿਲਦਾ ਹੈ। ਦੋਹਾਂ ਨੇ ਮਿਹਨਤਾਂ ਕਰਕੇ ਦੇਸ ਵਿਦੇਸ਼ ਵਿੱਚ ਕਾਮਯਾਬੀਆਂ ਹਾਸਲ ਕੀਤੀਆਂ ਅਤੇ ਸਮਾਜ ਵਿੱਚ ਨਾਮਣਾ ਖੱਟਿਆ। ਇਹਨਾਂ ਗੱਲਾਂ ਨਾਲ ਮਾਣ ਤਾਂ ਹੁੰਦਾ ਹੀ ਹੈ।ਸਾਰਿਆਂ ਨੂੰ ਆਪਣੇ ਬਜ਼ੁਰਗ ਚੰਗੇ ਲਗਦੇ ਹਨ। ਪਰ ਹੁਣ ਜਦੋਂ ਅਸੀਂ ਕਈ ਪ੍ਰਕਾਰ ਦਾ ਵਿਸ਼ਲੇਸ਼ਣ ਕਰਨ ਦੇ ਕਾਬਲ ਹੋ ਗਏ ਹਾਂ ਤਾਂ ਮੈਨੂੰ ਅਜੇ ਵੀ ਆਪਣੇ ਬਜ਼ੁਰਗਾਂ ਦੀਆਂ ਚੰਗਿਆਈਆਂ ਵਿੱਚੋਂ ਬਹੁਤ ਸਾਰੀਆਂ ਚੰਗਿਆਈਆਂ ਧਾਰਨ ਕਰਨ ਦੀ ਲੋੜ ਮਹਿਸੂਸ ਹੁੰਦੀ ਹੈ।ਖਾਸ ਕਰਕੇ ਮੇਰੇ ਚਾਚਾ ਜੀ ਦਾ ਜਿਸ ਤਰ੍ਹਾਂ ਉਹਨਾਂ ਦੇ ਬੱਚੇ ਸਤਿਕਾਰ ਕਰਦੇ ਹਨ ਤਾਂ ਇਸ ਤੇ ਰਸ਼ਕ ਹੁੰਦਾ ਹੈ।ਸਾਡੇ ਦਾਦਾ ਜੀ ਗੁਰਮੁਖ ਸਿੰਘ ਜੀ ਦੀ ਗੁਰਮੁਖਤਾਈ ਸਦਕਾ ਉਹਨਾਂ ਦਾ ਇਹ ਬਾਗ ਬਗੀਚਾ ਭਾਂਤ ਭਾਂਤ ਦੇ ਫੁੱਲ ਫਲ ਬਿਰਖ ਖਿੜਾ ਰਿਹਾ ਹੈ। ਇਸ ਵਿੱਚੋਂ ਅਨੇਕ ਗੁਣਾਂ ਦੀ ਖੁਸ਼ਬੋ ਫੈਲ ਰਹੀ ਹੈ।ਚਾਚਾ ਜੀ ਹੁਣ ਤਕ ਫੇਸਬੁੱਕ ਤੇ ਆਪਣੀ ਉਪਦੇਸ਼ਾਤਮਕ ਸ਼ੈਲੀ ਵਿੱਚ ਗੁਰਮਤਿ ਵਿਚਾਰਾਂ ਨਾਲ ਸਾਨੂੰ ਪ੍ਰੇਰਨਾ ਦਿੰਦੇ ਰਹੇ ਹਨ। ਮੈਂ ਵਾਹਿਗੁਰੂ ਅੱਗੇ ਸਾਰਿਆਂ ਦੀ ਸਿਹਤਯਾਬੀ ਅਤੇ ਖੁਸ਼ਹਾਲੀ ਲਈ ਦਿਲੋਂ ਅਰਦਾਸ ਕਰਦਾ ਹਾਂ ।

ਭੁੱਲ ਚੁੱਕ ਖਿਮਾ

ਜਾਗੀਰ ਸਿੰਘ

# ਸ੍ਰੀ ਗੁਰੂ ਗੋਬਿੰਦ ਸਿੰਘ ਜੀ: ਗੁਰਮਤਿ ਸੰਗੀਤ ਨੂੰ ਦੇਣ

ਜਸਵਿੰਦਰ ਸਿੰਘ
ਖੋਜਾਰਥੀ ਗੁਰਮਤਿ ਸੰਗੀਤ ਵਿਭਾਗ,
ਪੰਜਾਬੀ ਯੂਨੀਵਰਸਿਟੀ। ਪਟਿਆਲਾ।
ਮੋ. 82890 44933

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲੋਕਾਈ ਨੂੰ ਅਕਾਲ ਪੁਰਖ ਦਾ ਸੰਦੇਸ਼ ਤੇ ਉਪਦੇਸ਼ ਦੇਣ ਲਈ ਸੰਗੀਤ ਨੂੰ ਸੰਚਾਰ ਦੇ ਮਾਧਿਅਮ ਲਈ ਚੁਣਿਆ। ਇਸ ਅਲੋਕਿਕ ਕਾਰਜ ਹਿਤ ਰਬਾਬੀ ਭਾਈ ਮਰਦਾਨਾ ਜੀ ਗੁਰੂ ਜੀ ਦੇ ਸੰਗੀ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਸ਼ੁਰੂ ਹੋਈ ਸੰਗੀਤ ਦੀ ਇਹ ਪਰੰਪਰਾ ਜਿਸ ਨੂੰ ਅਸੀਂ ਗੁਰਮਤਿ ਸੰਗੀਤ ਦੇ ਰੂਪ ਵਿੱਚ ਜਾਣਦੇ ਹਾਂ। ਗੁਰੂ ਨਾਨਕ ਦੇਵ ਜੀ ਨੇ ਜਿਥੇ ਇਸ ਪਰੰਪਰਾ ਦਾ ਵਿਹਾਰਕ ਰੂਪ ਵਿੱਚ ਵਿਕਾਸ ਕੀਤਾ ਉਥੇ ਇਸ ਦੇ ਰਾਗ, ਰਹਾਉ, ਅੰਕ, ਗਾਇਨ ਸ਼ੈਲੀਆਂ ਆਦਿ ਰਾਹੀਂ ਸਿਧਾਂਤਕ ਅਧਾਰ ਵੀ ਪ੍ਰਦਾਨ ਕੀਤਾ। ਗੁਰੂ ਨਾਨਕ ਦੇਵ ਜੀ ਵਾਂਗ ਹੀ ਅਗਲੇਰੇ ਗੁਰੂ ਸਾਹਿਬਾਨ ਨੇ ਇਸ ਦੀ ਵੱਖ-ਵੱਖ ਰਾਗਾਂ ਵਿਚ ਬਾਣੀ ਰਚੀ ਤੇ ਇਸ ਦੀ ਵਿਹਾਰਕਤਾ ਨੂੰ ਕਾਇਮ ਰੱਖਿਆ। ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਕਾਲ ਤੱਕ ਗੁਰਮਤਿ ਸੰਗੀਤ ਦੀ ਇਹ ਪਰੰਪਰਾ ਸਿਧਾਂਤਕ ਤੇ ਵਿਹਾਰਕ ਰੂਪ ਵਿੱਚ ਕਾਇਮ ਹੋ ਚੁੱਕੀ ਸੀ ਜਿਸ ਨੂੰ ਦਸਵੇਂ ਗੁਰੂ ਸਾਹਿਬ ਨੇ ਆਪਣੇ ਮੌਲਿਕ ਸੰਗੀਤਕ ਯੋਗਦਾਨ ਰਾਹੀਂ ਹੋਰ ਪ੍ਰਫੂਲਿਤ ਕੀਤਾ।

**ਗੁਰੂ ਗੋਬਿੰਦ ਸਿੰਘ ਜੀ : ਮੁਢਲਾ ਜੀਵਨ**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ 1666 ਈ: ਨੂੰ ਨੌਵੇਂ ਗੁਰੂ ਤੇਗ ਬਹਾਦਰ ਸਾਹਿਬ ਦੇ ਘਰ ਮਾਤਾ ਗੁਜਰੀ ਜੀ ਦੀ ਕੁੱਖੋਂ ਪਟਨਾ ਸਾਹਿਬ ਵਿਖੇ ਹੋਇਆ।[1] ਚੱਕ ਨਾਨਕੀ (ਅਨੰਦਪੁਰ) ਵਿਖੇ ਆਪ ਨੇ ਪੰਜਾਬੀ, ਬ੍ਰਜ, ਸੰਸਕ੍ਰਿਤ ਅਤੇ ਫ਼ਾਰਸੀ ਲਿਖਣੀ ਤੇ ਪੜ੍ਹਨੀ ਸਿਖੀ।[2] ਆਪ ਜੀ ਦੇ ਤਿੰਨ ਮਹਿਲ ਮਾਤਾ ਸੁੰਦਰੀ ਜੀ, ਮਾਤਾ ਜੀਤੋ ਜੀ, ਮਾਤਾ ਸਾਹਿਬ ਦੇਵਾ (ਕੁਆਰਾ ਡੋਲਾ) ਸਨ। ਆਪ ਜੀ ਦੇ ਚਾਰ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ (ਮਾਤਾ ਸੁੰਦਰੀ ਜੀ ਦੀ ਕੁੱਖੋਂ), ਬਾਬਾ ਜੁਝਾਰ ਸਿੰਘ, ਬਾਬਾ ਜੋਰਾਵਰ ਸਿੰਘ ਤੇ ਬਾਬਾ ਫਤਿਹ ਸਿੰਘ (ਮਾਤਾ ਜੀਤੋ ਜੀ ਦੀ ਕੁੱਖੋਂ) ਸਨ।[3] 30 ਮਾਰਚ 1699 ਨੂੰ ਵਿਸਾਖੀ ਵਾਲੇ ਦਿਨ ਗੁਰੂ ਜੀ ਨੇ ਅਨੰਦਪੁਰ ਪੁਜੀਆਂ ਸੰਗਤਾਂ ਦੇ ਭਾਰੀ ਇੱਕਠ ਵਿਚ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਖਾਲਸਾ ਪੰਥ ਦੀ ਸਾਜਨਾ ਕੀਤੀ।[4] 7 ਅਕਤੂਬਰ 1708 ਨੂੰ ਗੋਦਾਵਰੀ ਨਦੀ ਦੇ ਕਿਨਾਰੇ ਨਾਦੇੜ ਸ਼ਹਿਰ ਕੋਲੋ ਗੁਰੂ ਗ੍ਰੰਥ ਅਤੇ ਪੰਥ ਨੂੰ ਗੁਰਗੱਦੀ ਦੇ ਕੇ ਆਪ ਜੀ ਜੋਤੀ-ਜੋਤ ਸਮਾਂ ਗਏ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਿਥੇ ਮਹਾਨ ਆਗੂ, ਕਵੀ, ਜੋਧੇ ਸਨ, ਉਥੇ ਸੰਗੀਤ ਦੇ ਪਰਵੀਨ ਗਿਆਤਾ ਸਨ। ਗੁਰੂ ਜੀ ਦੇ ਦਰਬਾਰ ਦੇ 52 ਕਵੀਆਂ ਦੀਆਂ ਰਚਨਾਵਾਂ, ਗੁਰੂ ਜੀ ਨਾਲ ਸੰਬੰਧਿਤ ਦਸਮ ਗ੍ਰੰਥ, ਸਰਬ ਲੋਹ ਗ੍ਰੰਥ ਵਿਚਲੀ ਬਾਣੀ ਸੰਗੀਤਕ ਤੱਤਾਂ ਨਾਲ ਭਰਪੂਰ ਹੈ। ਇਨ੍ਹਾਂ ਦੋਵਾਂ ਗ੍ਰੰਥਾਂ ਵਿਚ ਕਈ ਪ੍ਰਕਾਰ ਦੇ ਸ਼ੁੱਧ, ਛਾਇਆਲਗ, ਸੰਕੀਰਨ ਰਾਗ, ਪੜਤਾਲ, ਧਮਾਰ, ਵਾਰ, ਅਸਟਪਦੀ, ਖਿਆਲ ਆਦਿ ਗਾਇਨ ਸ਼ੈਲੀਆਂ, ਰਬਾਬ, ਪਖਾਵਜ, ਮ੍ਰਿਦੰਗ, ਤੰਬੂਰਾ, ਢੋਲ ਆਦਿ ਸਾਜ਼ਾ ਦਾ ਵਰਨਣ ਗੁਰਮਤਿ ਸੰਗੀਤ ਪੱਖੋਂ ਅਨਮੋਲ ਖਜ਼ਾਨੇ ਦਾ ਭੰਡਾਰ ਹਨ। ਇਨ੍ਹਾਂ ਗ੍ਰੰਥਾਂ ਤੋਂ ਇਲਾਵਾ ਸਿੱਖ ਇਤਿਹਾਸ ਦੇ ਗ੍ਰੰਥ ਜਿਵੇਂ ਗੁਰਬਿਲਾਸ ਪਾਤਸ਼ਾਹੀ ੧੦, ਸ੍ਰੀ ਗੁਰ ਸੋਭਾ, ਮਹਿਮਾ ਪ੍ਰਕਾਸ਼, ਸ੍ਰੀ ਗੁਰ ਪ੍ਰੰਥ ਪ੍ਰਕਾਸ਼, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਤਵਾਰੀਖ ਗੁਰੂ ਖਾਲਸਾ, ਵਰਤਮਾਨ ਗੁਰਮਤਿ ਸੰਗੀਤ ਵਿਦਵਾਨ ਖੋਜੀਆਂ ਦੀਆਂ ਪੁਸਤਕਾਂ ਵਿਚ ਗੁਰੂ ਸਾਹਿਬ ਦੇ ਸਮੇਂ ਵਿਚ ਗੁਰਮਤਿ ਸੰਗੀਤ ਦੀ ਸਿਧਾਂਤਕ, ਇਤਿਹਾਸਕ ਤੇ ਵਿਵਹਾਰਕ ਸਥਿਤੀ ਤੇ ਯੋਗਦਾਨ ਬਾਰੇ ਗਿਆਨ ਪ੍ਰਾਪਤ ਹੁੰਦਾ ਹੈ। ਮੈਂ ਆਪਣੇ ਖੋਜ ਪੱਤਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਗੁਰਮਤਿ ਸੰਗੀਤ ਨੂੰ ਦੇਣ ਵਿਚ ਗੁਰੂ ਜੀ ਦਾ ਉਕਤ ਗ੍ਰੰਥਾਂ, ਪੁਸਤਕਾਂ ਰਾਹੀਂ ਯੋਗਦਾਨ ਨੂੰ ਸਪਸ਼ਟ ਕਰਨ ਦਾ ਯਤਨ ਰਹੇਗਾ।

**ਦਸਮ ਗ੍ਰੰਥ : ਗੁਰਮਤਿ ਸੰਗੀਤ ਸੰਦਰਭ**

ਸਿੱਖ ਪੰਥ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਾਅਦ ਦਸਮ ਗ੍ਰੰਥ ਦਾ ਵਿਸ਼ੇਸ਼ ਸਥਾਨ ਹੈ। ਸਿੱਖ ਮਾਨਤਾ

ਅਨੁਸਾਰ ਦਸਮ ਗ੍ਰੰਥ ਸਾਹਿਬ ਵਿੱਚ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਬਾਣੀ ਅੰਕਿਤ ਹੈ। ਦਸਮ ਗ੍ਰੰਥ ਬਾਰੇ ਵਿਦਵਾਨਾਂ ਵਿੱਚ ਕਾਫ਼ੀ ਵਾਦ-ਵਿਵਾਦ ਰਿਹਾ ਹੈ ਕਿ ਇਹ ਦਸਮ ਪਾਤਸ਼ਾਹ ਗੁਰੂ ਗੋਬਿੰਦ ਜੀ ਦੀ ਰਚਨਾ ਹੈ ਜਾਂ ਨਹੀਂ ਪਰ ਬਹੁ ਗਿਣਤੀ ਵਿਦਵਾਨ ਇਸ ਨੂੰ ਦਸਮ ਪਾਤਸ਼ਾਹ ਦੀ ਬਾਣੀ ਮੰਨਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਾਅਦ ਦਸਮ ਗ੍ਰੰਥ ਨੂੰ ਗੁਰਦੁਆਰਾ ਸਾਹਿਬ ਵਿੱਚ ਛੋਟੀ ਬੀੜ ਉੱਪਰ ਪ੍ਰਕਾਸ਼ ਕੀਤਾ ਜਾਂਦਾ ਹੈ, ਪਰ ਇਹ ਪਰੰਪਰਾ ਸਾਰੇ ਗੁਰੂ ਘਰਾਂ ਵਿੱਚ ਨਹੀਂ ਹੈ।[5]

- ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, "ਦਸਮ ਗ੍ਰੰਥ, ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਗ੍ਰੰਥ, ਭਾਈ ਮਨੀ ਸਿੰਘ, ਜਿੱਥੋਂ ਕਿੱਥੋਂ ਵਡੇ ਜਤਨ ਨਾਲ ਦਸਮ ਸਤਿਗੁਰੂ ਦੀ ਉਪਦੇਸ਼ਮਈ ਬਾਣੀ ਅਤੇ ਸੰਸਕ੍ਰਿਤ ਗ੍ਰੰਥਾਂ ਦੇ ਅਨੁਵਾਦ ਏਕਤ੍ਰ ਕਰਕੇ ਇੱਕ ਜਿਲਦ "ਦਸਵੇਂ ਪਾਤਸ਼ਾਹ ਦਾ ਗ੍ਰੰਥ ਨਾਮ ਕਰਕੇ ਲਿਖੀ"[6]
- ਭਾਈ ਕਿਰਪਾਲ ਸਿੰਘ ਅਨੁਸਾਰ, "ਸਿੰਘ ਸਭਾ ਅੰਦੋਲਨ ਦੇ ਚਲਣ ਨਾਲ ਧਾਰਮਿਕ ਗ੍ਰੰਥਾਂ ਅਤੇ ਸਿੱਖ ਇਤਿਹਾਸ ਦੀ ਸਾਂਭ-ਸੰਭਾਲ ਵੱਲ ਵਿਦਵਾਨਾਂ ਦਾ ਧਿਆਨ ਗਿਆ। ਗੁਰਮਤਿ ਗ੍ਰੰਥ ਪ੍ਰਚਾਰਕ ਸਭੋ ਅੰਮ੍ਰਿਤਸਰ ਨੇ ਇਸ ਗ੍ਰੰਥ ਦੀਆਂ 32 ਬੀੜਾਂ ਇਕਠੀਆਂ ਕਰਵਾ ਕੇ ਇਸ ਦੇ ਪਾਠਾਂਤਰਾਂ ਨੂੰ ਸਪਸ਼ਟ ਕੀਤਾ ਅਤੇ ਆਪਣੀ ਰਿਪੋਰਟ ਸੰਨ 1897 ਈ : ਵਿਚ ਪ੍ਰਕਾਸ਼ਿਤ ਕੀਤੀ। ਇਸ ਰਿਪੋਰਟ ਦੀ ਲੋਅ ਵਿਚ ਇਸ ਗ੍ਰੰਥ ਦਾ ਵਰਤਮਾਨ ਸਰੂਪ ਸਾਹਮਣੇ ਆਇਆ ਜਿਸ ਵਿਚ ਬਾਣੀਆਂ ਦੀ ਤਰਤੀਬ ਇਸ ਪ੍ਰਕਾਰ ਹੈ - (੧) ਜਾਪੁ, (੨) ਅਕਾਲ ਉਸਤਤਿ, (੩) ਬਚਿਤ੍ਰ ਨਾਟਕ (ਅਪਨੀ ਕਥਾ), (੪) ਚੰਡੀ ਚਰਿਤ੍ਰ (ਉਕਤਿ ਬਿਲਾਸ), (੫) ਚੰਡੀ ਚਰਿਤ੍ਰ (ਦੂਜਾ), (੬) ਵਾਰ ਸ੍ਰੀ ਭਗਉਤੀ ਜੀ ਕੀ (ਵਾਰ ਦੁਰਗਾ ਕੀ), (੭) ਗਿਆਨ ਪ੍ਰਬੋਧ, (੮) ਚੌਬੀਸ ਅਵਤਾਰ (ਬਿਸਨਾਵਤਾਰ), (੯) ਉਪ ਅਵਤਾਰ (ਬ੍ਰਹਮਾ ਅਤੇ ਰੁਦ੍ਰ), (੧੦) ਸ਼ਬਦ ਹਜ਼ਾਰੇ, (੧੧) ਸਵੈਯੈ, (੧੨) ਖਾਲਸਾ ਮਹਿਮਾ, (੧੩) ਸ਼ਸਤ੍ਰ ਨਾਮਮਾਲਾ, (੧੪) ਚਰਿਤ੍ਰੋਪਾਖਿਆਨ ਅਤੇ (੧੫) ਜ਼ਫ਼ਰਨਾਮਾ - ਹਿਕਾਇਤਾਂ।"[7]

ਗੁਰਮਤਿ ਸੰਗੀਤ ਦੇ ਹਵਾਲੇ ਨਾਲ ਦਸਮ ਗ੍ਰੰਥ ਇੱਕ ਮਹੱਤਵਪੂਰਨ ਸਰੋਤ ਹੈ। ਦਸਮ ਗੁਰੂ ਗੋਬਿੰਦ ਸਿੰਘ ਜੀ ਨੇ ਜਿੱਥੇ ਗੁਰੂ ਨਾਨਕ ਦੇਵ ਜੀ ਤੋਂ ਆਰੰਭੀ ਗੁਰਮਤਿ ਸੰਗੀਤ ਪਰੰਪਰਾ ਦਾ ਪੂਰਬਲੇ ਗੁਰੂ ਸਾਹਿਬਾਨ ਦੀ ਤਰ੍ਹਾਂ ਸਿਧਾਂਤਿਕ ਤੇ ਵਿਹਾਰਿਕ ਰੂਪ ਵਿੱਚ ਪਾਸਾਰ ਕੀਤਾ, ਉੱਥੇ ਆਪ ਵੀ ਬਾਣੀ ਰਚਨਾ ਕਰਕੇ ਗੁਰਮਤਿ ਸੰਗੀਤ ਦੀ ਇਸ ਅਮੀਰ ਪਰੰਪਰਾ ਨੂੰ ਸੰਗੀਤ ਦੇ ਸਿਖਰਾਂ ਤੇ ਪਹੁੰਚਾਇਆ।

ਦਸਮ ਗ੍ਰੰਥ ਵਿੱਚ ਆਏ ਰਾਗ : ਦਸਮ ਗ੍ਰੰਥ ਵਿੱਚ ਅਨੇਕਾਂ ਪ੍ਰਚੱਲਿਤ ਤੇ ਅਪ੍ਰਚੱਲਿਤ ਰਾਗਾਂ ਦਾ ਵਰਨਣ ਮਿਲਦਾ ਹੈ ਜਿਵੇਂ :"1. ਸ੍ਰੀ ਰਾਗ, 2. ਸਾਰੰਗ, 3. ਗਉਰੀ, 4. ਭੈਰਉ, 5. ਰਾਮਕਲੀ, 6. ਗੂਜਰੀ, 7. ਦੇਵਗੰਧਾਰੀ, 8. ਪ੍ਰਭਾਤੀ, 9. ਧਨਾਸਰੀ, 10. ਬਿਲਾਵਲ, 11. ਸੂਹੀ, 12. ਮਾਝ, 13. ਆਸਾ, 14. ਆਸਾਵਰੀ, 15. ਬਿਹਾਗੜਾ, 16. ਮਾਰੂ, 17. ਕਲਯਾਨ, 18. ਪਰਜ, 19. ਸੋਰਠਿ, 20. ਜੈਤਸਰੀ, 21. ਨਟ-ਨਾਰਾਇਣ, 22. ਗੋਂਡ, 23. ਕਾਨੜਾ, 24. ਤੁਖਾਰੀ, 25. ਗੰਭੀਰ, 26. ਕੁੰਡ, 27. ਮਲਾਰ, 28. ਬਸੰਤ, 29. ਮਾਲਕੌਸ."[8]

**ਸੰਗੀਕਤ ਸ਼ਬਦਾਵਲੀ** : ਦਸਮ ਗ੍ਰੰਥ ਵਿੱਚ ਅਨੇਕ ਸੰਗੀਤਕ ਸ਼ਬਦ ਇਸ ਦੀ ਰਚਨਾ ਵਿੱਚ ਪ੍ਰਗਟ ਹੁੰਦੇ ਹਨ ਜਿਵੇਂ : ਤਾਲ, ਮੁਚੰਗ, ਬੀਨਾ, ਬੰਸੀ, ਮ੍ਰਿਦੰਗ, ਡਫ, ਤੁਰੀ, ਸਹਿਨਾਇ, ਰਾਗ ਆਦਿ ਜੋ ਗੁਰੂ ਜੀ ਦੇ ਸਮੇਂ ਦੀ ਭਾਰਤੀ ਅਤੇ ਗੁਰਮਤਿ ਸੰਗੀਤ ਦੇ ਗਾਇਨ ਵਾਦਨ ਸਾਜ਼ਾਂ ਦੇ ਸੂਚਕ ਹਨ।

"ਤਾਗੜਦੰ ਤਾਲ ਬਾਜਤ ਮੁਚੰਗ। ਬੀਨਾ ਸੁ ਬੈਣ ਬੰਸੀ ਮ੍ਰਿਦੰਗ।
ਡਫ ਤਾਲ ਤੁਰੀ ਸਹਿਨਾਇ ਰਾਗ। ਬਾਜੰਤ ਜਾਨ ਉਪਨਤ ਸੁਹਾਗ।੨੦।"[9]

ਇਸੇ ਤਰ੍ਹਾਂ ਜਾਪੁ ਸਾਹਿਬੋ ਵਿਚਲੀ ਬਾਣੀ ਵਿੱਚ ਸੰਗੀਤਕ ਸ਼ਬਦਾਂ ਦਾ ਵਰਨਣ ਪ੍ਰਭੂ ਸਿਮਰਨ ਦੇ ਪ੍ਰਸੰਗ ਵਿੱਚ ਗੁਰੂ ਜੀ ਨੇ ਜਿਸ ਪ੍ਰਕਾਰ ਕੀਤਾ ਹੈ, ਉਹ ਇੱਕ ਮਿਸਾਲ ਹੈ:

"ਨਮੋ ਗੀਤ ਗੀਤੇ। ਨਮੋ ਤਾਨ ਤਾਨੇ।੪।੪੭।

ਨਮੋ ਨ੍ਰਿਤ ਨ੍ਰਿਤੈ। ਨਮੋ ਨਾਦ ਨਾਦੇ।"[10]

**ਸੰਗੀਤਕ ਛੰਦ ਤੇ ਮ੍ਰਿਦੰਗ ਦੇ ਬੋਲ** : ਦਸਮ ਗ੍ਰੰਥ ਵਿੱਚ ਕਈ ਸੰਗੀਤਕ ਛੰਦਾਂ ਜਿਵੇਂ "ਸੰਗੀਤ ਛਪੈ ਛੰਦ", "ਸੰਗੀਤ ਪਧਿਸਟਕਾ ਛੰਦ[11], "ਸੰਗੀਤ ਬਹੜਾ ਛੰਦ"[12], "ਸੰਗੀਤ ਭੁਜੰਗ ਪ੍ਰਯਾਤ ਛੰਦ"[13], "ਸੰਗੀਤ ਮਧੁਭਾਰ ਛੰਦ"[14], 'ਸੰਗੀਤ ਨਰਾਜ ਛੰਦੋ',[15] 'ਸੰਗੀਤ ਪਾਧਰੀ ਛੰਦ'[16] ਵਿੱਚ ਬਾਣੀ ਦੀ ਰਚਨਾ ਕੀਤੀ, ਜੋ ਮ੍ਰਿਦੰਗ ਤਾਲ ਸਾਜ਼ ਦੇ ਬੋਲਾਂ 'ਤੇ ਆਧਾਰਿਤ ਹਨ ਜਿਵੇਂ: 'ਸੰਗੀਤ ਛਪੈ ਛੰਦ' ਦੀ ਉਦਾਹਰਨ ਇਸ ਪ੍ਰਕਾਰ ਹੈ:

"ਕਾਗੜਦੀ ਕੁਪਿਯੋ ਕਪਿ ਕਟਕ ਬਾਗੜਦੀ ਬਾਜਨ ਰਣ ਬਜੀਯ।

..........................................................।

ਸੰਸਾਗੜਦੀ ਸਮਟੈ ਸੁੰਕੜੈ ਫਣਪਤਿ ਫਨਿ ਫਿਰਿ ਫਿਰਿ ਧਰੈ॥੩੯੦॥[17]

**ਗਾਇਨ ਸ਼ੈਲੀ ਸੰਬੰਧੀ** : ਵਰਤਮਾਨ ਸਮੇਂ ਭਾਰਤੀ ਸ਼ਾਸਤਰੀ ਸੰਗੀਤ ਵਿੱਚ ਪ੍ਰਚੱਲਿਤੋ ਖਿਆਲ-ਗਾਇਨੋ ਸ਼ੈਲੀ ਦੇ ਅਵਿਸ਼ਕਾਰਕ ਦਸਮ ਪਾਤਸ਼ਾਹ ਨੂੰ ਮੰਨਿਆ ਜਾਂਦਾ ਹੈ[18]। ਜਿਸ ਦਾ ਪ੍ਰਮਾਣ ਉਨ੍ਹਾਂ ਦੋ ਦਸਮ ਗ੍ਰੰਥੋ ਵਿੱਚ ਦਰਜ ਸ਼ਬਦ ਰਚਨਾ "ਖਿਆਲ ਪਾਤਸ਼ਾਹੀ ੧੦॥ ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾ ਦਾ ਕਹਿਣਾ" ਹੈ। ਗੁਰਮਤਿ ਸੰਗੀਤਾਚਾਰੀਆ ਪ੍ਰੋ. ਤਾਰਾ ਸਿੰਘ ਅਨੁਸਾਰ, "ਗੁਰੂ ਗੋਬਿੰਦ ਸਿੰਘ ਜੀ ਦੀ ਭਾਰਤੀ ਸੰਗੀਤ ਨੂੰ ਅਦੁੱਤੀ ਦੇਣ ਇਹ ਹੈ ਕਿ ਇਨ੍ਹਾਂ ਨੇ ਇਕ ਨਵੀਨ ਗਾਇਨ ਸ਼ੈਲੀ ਦਾ ਆਵਿਸ਼ਕਾਰ ਕੀਤਾ। ਇਸ ਸ਼ੈਲੀ ਨੂੰ ਸੰਗੀਤ ਵਿੱਚ ੋਖਿਆਲ-ਗਾਇਨ' ਕਹਿੰਦੇ ਹਨ।"[19]

ਸਿੱਖ ਰਹਿਤ ਮਰਿਆਦਾ ਵਿੱਚ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ, ਵਾਰਾਂ ਭਾਈ ਗੁਰਦਾਸ, ਭਾਈ ਨੰਦ ਲਾਲ ਦੀ ਬਾਣੀ ਦਾ ਕੀਰਤਨ ਕਰਨ ਦੀ ਮਰਿਯਾਦਾ ਹੈ, ਉੱਥੇ ਗੁਰਮਤਿ ਸੰਗੀਤ ਦੀ ਇਸ ਪ੍ਰੰਪਰਾ ਵਿੱਚੋ ਦਸਮ ਗ੍ਰੰਥੋ ਦੀ ਬਾਣੀ ਗਾਇਨ ਕਰਨ ਬਾਰੇ ਸਿੱਖ ਰਹਿਤ ਮਰਿਆਦਾ ਨਿਰਦੇਸ਼ ਦਿੰਦੀ ਹੈ।

ਉਪਰੋਕਤ ਅਨੁਸਾਰ ਦਸਮ ਗ੍ਰੰਥ ਦੀ ਬਾਣੀ ਵਿਚ ਰਾਗ ਸਿਰਲੇਖ, ਬਾਣੀ ਵਿਚਲੇ ਸੰਗੀਤਕ ਸੰਕੇਤ, ਗਾਇਨ ਸ਼ੈਲੀਆਂ ਆਦਿ ਗੁਰੂ ਗੋਬਿੰਦ ਸਿੰਘ ਦੁਆਰਾ ਆਪਣੇ ਤੋਂ ਪੂਰਬਲੇ ਗੁਰੂ ਸਾਹਿਬਾਨ ਦੁਆਰਾ ਸਥਾਪਿਤ ਗੁਰਮਤਿ ਸੰਗੀਤ ਪਰੰਪਰਾ ਦਾ ਅਨੁਸਰਨ ਕਰਦੇ ਹੋਏ ਉਸ ਨੂੰ ਅਗਾਂਹ ਤੋਰਦੇ ਹਨ। ਇਸੇ ਪ੍ਰਕਾਰ ਗੁਰੂ ਜੀ ਦੁਆਰਾ ਰਚਿਤ ਸਰਬ ਲੋਹ ਗ੍ਰੰਥ ਦੀ ਬਾਣੀ ਵੀ ਗੁਰੂ ਜੀ ਵਲੋਂ ਗੁਰਮਤਿ ਸੰਗੀਤ ਵਿਚ ਯੋਗਦਾਨ ਦਾ ਮਹੱਤਵ ਪੂਰਨ ਸਰੋਤ ਹੈ।

**ਸਰਬਲੋਹ ਗ੍ਰੰਥ : ਗੁਰਮਤਿ ਸੰਗੀਤ ਸੰਦਰਭ**

ਦਸਮ ਗ੍ਰੰਥ ਵਾਂਗ ਸਰਬਲੋਹ ਗ੍ਰੰਥ ਦਾ ਵੀ ਸਿੱਖਾਂ ਵਿੱਚ ਸਤਿਕਾਰਤ ਸਥਾਨ ਹੈ। ਖਾਸ ਕਰਕੇ ਦਲ ਪੰਥ ਨਿਹੰਗ ਸਿੰਘ ਇਸ ਗ੍ਰੰਥ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਰਚਨਾ ਮੰਨਦੇ ਹਨ। ਇਹ ਭਾਰਤੀ ਸੰਗੀਤ ਅਤੇ ਗੁਰਮਤਿ ਸੰਗੀਤ ਦੀ ਵਿਸ਼ਾਲ ਰਾਗ ਪਰੰਪਰਾ ਨੂੰ ਆਪਣੇ ਅੰਦਰ ਸਾਂਭੀ ਬੈਠਾ ਹੈ। ਸਰਬਲੋਹ ਗ੍ਰੰਥ ਸੰਬੰਧੀ ਵੱਖ-ਵੱਖ ਕੋਸ਼ਾਂ ਵਿੱਚ ਕੁਝ ਹੇਠ ਲਿਖੇ ਅਨੁਸਾਰ ਜਾਣਕਾਰੀ ਪ੍ਰਾਪਤ ਹੁੰਦੀ ਹੈ:

- ਗੁਰੁਸ਼ਬਦ ਰਤਨਾਕਰ ਮਹਾਨਕੋਸ਼ ਅਨੁਸਾਰ, "ਮਹਾਕਾਲ ਦਾ ਇੱਕ ਅਵਤਾਰ, ਜਿਸ ਦੀ ਕਥਾ "ਸਰਬਲੋਹ" ਗ੍ਰੰਥ ਵਿੱਚ ਲਿਖੀ ਹੈ। ੨ ਸਰਬਲੋਹ ਗ੍ਰੰਥ, ਜਿਸ ਦਾ ਦੂਜਾ ਨਾਉਂ "ਮੰਗਲਚਰ" ਹੈ ਇਸ ਗ੍ਰੰਥ ਦੇ ਮੁੱਢ ਸ੍ਰੀ ਮੁਖਵਾਕ ਪਾਤਸ਼ਾਹੀ ੧੦ ਪਾਠ ਹੈ।"[20]
- ਸਿੱਖ ਧਰਮ ਵਿਸ਼ਵਕੋਸ਼ ਅਨੁਸਾਰ, "ਸਰਬਲੋਹ ਗ੍ਰੰਥ ਇਕ ਅਜਿਹੀ ਰਚਨਾ ਹੈ ਜਿਸ ਵਿਚ ਦੇਵਤਿਆਂ ਅਤੇ ਦਾਨਵਾ ਦੀਆਂ ਮਿਥਿਹਾਸਿਕ ਕਥਾਵਾਂ ਦਾ ਜ਼ਿਕਰ ਹੈ। ਸਮਝਿਆ ਜਾਂਦਾ ਹੈ ਕਿ ਇਸ ਦੀ ਰਚਨਾ ਗੁਰੂ ਗੋਬਿੰਦ ਸਿੰਘ ਜੀ ਨੇ ਕੀਤੀ ਹੈ ਇਸ ਲਈ ਸਿੱਖਾਂ ਨਾਲ ਸੰਬੰਧਿਤ ਕੁਝ ਹਿੱਸੇ ਵਿਚ ਅਤੇ ਵਿਸ਼ੇਸ਼ ਕਰਕੇ ਨਿਹੰਗ ਸਿੱਖਾਂ ਵਿਚ ਇਸ ਨੂੰ ਸਤਿਕਾਰ ਨਾਲ ਦੇਖਿਆ ਜਾਂਦਾ ਹੈ।"[21]
- ਪੰਜਾਬ ਕੋਸ਼ ਅਨੁਸਾਰ, "ਇਸ ਵਿਚ ਲਗਭਗ 128 ਰਾਗ ਰਾਗਣੀਆਂ ਵਰਤੀਆਂ ਗਈਆਂ ਹਨ ਅਤੇ ਸਾਰੀ ਰਚਨਾ ਗੀਤਬੱਧ ਹੈ। ਦਸਮ ਗ੍ਰੰਥ ਦੀ ਰਚਨਾ ਤੋਂ ਬਾਅਦ ਇਹ ਹਿੰਦੀ ਅਤੇ ਪੰਜਾਬੀ ਵਿਚ ਇਕ ਮਹੱਤਵਪੂਰਨ ਪੌਰਾਣਿਕ ਰਚਨਾ ਹੈ।"[22]

ਉਕਤ ਤੋਂ ਇਹ ਪ੍ਰਤੱਖ ਹੈ 'ਸਰਬਲੋਹੋ ਗ੍ਰੰਥ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਿਤ ਮੰਨਿਆ ਜਾਂਦਾ ਹੈ। ਇਸ ਦਾ ਦੂਸਰਾ ਨਾਮ ਮੰਗਲਾਚਰਣ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ ਦੇ ਬਾਅਦ ਗੁਰਮਤਿ ਸੰਗੀਤ ਪਰੰਪਰਾ ਦਾ ਇਹ ਤੀਸਰਾ ਮਹੱਤਵਪੂਰਨ ਸੰਗੀਤਕ ਗ੍ਰੰਥ ਹੈ, ਜਿਸ ਵਿੱਚ ਰਾਗ, ਰਾਗ ਪ੍ਰਕਾਰਾਂ, ਵਾਰਾਂ, ਧੁਨੀਆਂ, ਗਾਇਨ ਸ਼ੈਲੀਆਂ ਦਾ ਵਿਸ਼ਾਲ ਭੰਡਾਰ ਮੌਜੂਦ ਹੈ :

> ਸਰਬਲੋਹ ਗ੍ਰੰਥ ਵਿੱਚ ਆਏ ਰਾਗ : ਗੁਰੂ ਗੋਬਿੰਦ ਸਿੰਘ ਰਾਗ ਰਤਨਾਵਲੀ ਦੇ ਇੱਕ ਹਵਾਲੇ ਅਨੁਸਾਰ ਸਰਬਲੋਹ ਗ੍ਰੰਥ ਵਿੱਚ "ਸਾਰੰਗ, ਗਉਰੀ, ਭੈਰਉ, ਰਾਮਕਲੀ, ਗੂਜਰੀ, ਦੇਵਗੰਧਾਰੀ, ਪ੍ਰਭਾਤੀ, ਧਨਾਸਰੀ, ਬਿਲਾਵਲ, ਸੂਹੀ, ਤੇਲੰਗ, ਸ੍ਰੀ ਰਾਗ, ਮਾਝ, ਆਸਾ, ਆਸਾਵਰੀ, ਨਟ, ਮਾਲੀ ਗਉੜਾ, ਕਾਨੜਾ, ਕਲਯਾਨ, ਮਾਰੂ, ਪਰਜ, ਕੇਦਾਰਾ, ਸੋਰਠਿ, ਜੈਜਾਵੰਤੀ, ਤੁਖਾਰੀ, ਬਿਹਾਗੜਾ, ਜੈਤਸਰੀ, ਬੈਰਾੜੀ, ਟੋਡੀ, ਗੌਂਡ, ਹਮੀਰ, ਗੰਭੀਰ, ਕੁੰਭ, ਮਲਾਰ, ਬਸੰਤ, ਦੀਪਕ, ਹਰਖ, ਦਿਸਾਖ, ਮਧੁਮਾਧੋ, ਭੈਰਵੀ, ਬਿਲਾਵਲੀ, ਬੰਗਾਲਮ, ਬੰਗੁਲੀ, ਅਸਲੇਖੀ, ਲਲਿਤ ਗੰਧਾਰੀ, ਸੀਹੁਤੀ, ਮਸਤ ਅੰਗ, ਗੌਂਡ ਕਰੀ, ਮੇਵਾਰਾ, ਪ੍ਰਬਲਚੰਡ, ਕਉਸਕ, ਕਉਭਾਰਾ, ਖਉਖਟ, ਤਯਲੰਗੀ ਭਉਰਾ, ਸੰਧੂਰ, ਸਰਸ, ਕਛੇਲੀ, ਪਟ ਮੰਜਰੀ, ਕਾਮੋਦੀ, ਕਾਲੰਕਾ, ਕੁੰਤਲ, ਭਾਸਕਰ, ਚੰਦ੍ਰ ਬਿੰਬ, ਸਰਸਬਾਨ, ਕਮਲ, ਚੰਪਕ, ਮੰਗਲਨ, ਕੁਸਮ, ਸਯਾਮ, ਜਲਧਾਰਾ, ਬੈਰਾਧਰ, ਸੁਰਮਾਨੰਦ, ਗਜਧਰ, ਕਮੋਦ, ਕਮੋਦਾ, ਰਾਮਾ, ਸਿੰਧਵੀ, ਮੇਘ, ਜਬਲੀਧਰ, ਜੰਘਲਾ, ਕਾਫ਼ੀ, ਖੰਭਾਯਚ, ਰਸਾਲੂ, ਭੀਖਕ, ਦੇਵ ਪਲਾਸੀ, ਗੁਣਵੰਤੀ, ਝੰਝੋਟੀ, ਬੰਗਲੀ, ਵਡਹੰਸ, ਹੰਸ ਧ੍ਵਜੀ, ਮਯਨ ਧ੍ਵਜੀ, ਮਾਲ ਧ੍ਵਜੀ, ਸਪਰਨ ਧ੍ਵਜੀ, ਸਹਸ ਧ੍ਵਜੀ, ਲੱਛ ਧ੍ਵਜੀ, ਅਨੰਦ ਧ੍ਵਜੀ, ਗਜ ਧ੍ਵਜੀ, ਮੇਘ ਬਰਨੀ, ਚੰਦ੍ਰ ਪ੍ਰਭੂ, ਐਰਾਵਤੀ, ਅਮਾਲੀ, ਰੋਮਾਵਲੀ, ਗਜ ਕੁਸਮੀ, ਭੀਮ ਪਲਾਸੀ, ਚੰਦ੍ਰ ਪਲਾਸੀ, ਗਜ ਪਲਾਸੀ, ਰਾਜ ਪਲਾਸੀ, ਧਨਾਸਰੀ, ਚੰਦ੍ਰ ਭਾਸ" ਆਦਿ ਰਾਗ ਮੁੱਖ ਰਾਗ ਅਤੇ ਧਨਾਸਰੀ ਅੰਬਿਕਾ, ਬਿਲਾਵਲ ਮੰਗਲ, ਤੇਲੰਗ ਕਾਫ਼ੀ, ਗਉੜੀ ਪੂਰਬੀ, ਗਉੜੀ ਬੈਰਾਗਣ, ਗਉੜੀ ਚੇਤੀ, ਆਸਾ ਕਾਫ਼ੀ, ਨਟ ਨਾਰਾਇਣ, ਕਾਫ਼ੀ ਨਟ, ਬਿਹਾਗੜਾ ਅਡਾਨਾ, ਬਿਹਾਗੜਾ ਮਾਲਵਾ, ਗੌਂਡ ਬਿਲਾਵਲ, ਸਾਰੰਗ ਕਾਫ਼ੀ, ਸਾਰੰਗ ਖੜਪਦੀ, ਮਲ੍ਹਾਰ ਭੈਰਉ, ਮਲ੍ਹਾਰ ਸੰਗੀਤੀ, ਮਲ੍ਹਾਰ ਸਿਆਮ, ਭਾਸਕਰ ਹਿੰਦਵੀ, ਹਿੰਡੋਲ, ਧਨਾਸਰੀ, ਹਿੰਡੋਲ ਦਾਦਰਾ, ਮਾਲਕੌਂਸ ਮੇਘਮੋਲਾ, ਅਹੀਰੀ ਗੰਧਰਬੀ, ਅਹੀਰੀ ਹਿੰਦਵੀ, ਅਹੀਰੀ ਗੁਆਰੇਰੀ, ਅਹੀਰੀ ਗੂਜਰੀ, ਦਰਬਾਰੀ ਪੁਨਯਾਂਕੀ, ਲਲਿਤ ਫਿਰੰਗੀ, ਪ੍ਰਭਾਤੀ ਸ਼ੰਕਰ, ਬਿਹਾਗ ਭੋਪਾਲੀ, ਵਡਹੰਸ ਕਰਖਾ। ਜੈਤਸਰੀ ਦੱਖਣੀ, ਮਾਲਕੋਂਸ ਦੱਖਣੀ, ਵਡਹੰਸ ਦੱਖਣੀ, ਦੀਪਕ ਕਰਨਾਟੀ, ਬੈਰਾੜੀ ਪੂਰਬੀ, ਪੂਰਬੀ ਬੰਗਾਲੀ ਆਦਿ ਰਾਗ ਪ੍ਰਕਾਰ ਪ੍ਰਾਪਤ ਹੁੰਦੇ ਹਨ।[23]

ਸਰਬਲੋਹ ਗ੍ਰੰਥ ਵਿੱਚ ਬਿਸਨੁਪਦ ਸਾਰੰਗ॥ ਸਿਰਲੇਖ ਹੇਠ ਵਿਭਿੰਨ ਪ੍ਰਕਾਰ ਦੇ ਰਾਗਾਂ ਦੀ ਸੰਗੀਤਮਈ ਲਹਿਰ ਨੂੰ ਅਜਿਹੇ ਕਾਵਿ ਸ਼ੈਲੀ ਦੀ ਕਲਾਤਮਿਕਤਾ ਨਾਲ ਪ੍ਰੋਇਆ ਹੈ ਕਿ ਇੰਝ ਜਾਪਦਾ ਹੈ ਕਿ ਮਾਨੋ ਯੁੱਧ ਵੀ ਸੰਗੀਤਕ ਰੂਪ ਧਾਰ ਗਿਆ ਹੋਵੇ:

- ਟੋਡੀ, ਗੌਂਡ, ਮਲਾਰ ਰਸਾਲਾ॥ ਮਾਰੂ ਪਰਜ ਸੰਧੂਰਿ ਉਤਾਲਾ॥<br>ਸੂਹੀ ਸਾਰੰਗ, ਦੇਵਗੰਧਾਰੀ॥ ਜੈਤਸਰੀ, ਤੇਲੰਗ, ਕੇਦਾਰੀ॥੮੫॥੮੩੯॥
- ਬਸੰਤ, ਗੂਜਰੀ, ਮਧੁਰ, ਰਸਾਲਾ॥ ਰਾਮਕਲੀ, ਸਾਰੰਗ ਪਰਤਾਲਾ॥
- ਬੈਰਾਰੀ, ਕਲਯਾਨ, ਅਲਾਪਹਿ॥ ਰਾਗੁ ਰਾਗਨੀ ਲਲਤ੍ਰਿਲਾਪਹਿ॥੮੬॥੮੪੦॥
- ਨਟਿ, ਮਾਲਤੀ, ਦੇਵਗੰਧਾਰੀ॥ ਪ੍ਰਭਾਤੀ, ਭੋਪਾਲ, ਕੇਦਾਰੀ॥<br>ਗਵਰੀ, ਮਾਝ, ਦੀਪਕੀ, ਆਸਾ॥ ਸੋਰਿਠ, ਸੂਹਿ, ਬਿਹਾਗ ਬਿਭਾਸਾ॥੮੭॥੮੪੧॥[24]

ਇਸ ਤਰ੍ਹਾਂ ਸਰਬਲੋਹ ਗ੍ਰੰਥ ਵਿੱਚ ਸਿਰਲੇਖ ਤੇ ਕਾਵਿ ਰਚਨਾ ਦੇ ਕਾਵਿ ਪ੍ਰਵਾਹ ਅਧੀਨ ਲਗਭਗ 300 ਦੇ ਕਰੀਬ ਰਾਗਾਂ ਦਾ ਜ਼ਿਕਰ ਮਿਲਦਾ ਹੈ।

**ਧੁਨੀਆਂ ਦਾ ਜ਼ਿਕਰ** : ਸਰਬ ਲੋਹ ਗ੍ਰੰਥ ਦੀਆਂ ਬਾਣੀ ਰਚਨਾਵਾਂ ਉੱਤੇ ਧੁਨੀਆਂ ਵੀ ਅੰਕਿਤ ਮਿਲਦੀਆ ਹਨ। ਅਸਲ ਵਿੱਚ ਇਸ ਗ੍ਰੰਥ ਦੀਆਂ ਬਾਣੀ ਰਚਨਾਂਵਾਂ ਨੂੰ ਦਸਮ ਗ੍ਰੰਥ ਵਾਲੀਆਂ ਧੁਨੀਆਂ ਉੱਤੇ ਗਾਉਣ ਦਾ ਸੰਕੇਤ ਅੰਕਿਤ

ਮਿਲਦਾ ਹੈ, ਜਿਵੇਂ ਭਗਉਤੀ ਜੀ ਕੀ ਵਾਰ ਕੀ ਧੁਨੀ, ਨਿਹਕਲੰਕੀ ਦੀ ਧੁਨੀ, ਅਸਕੇਤ ਕੀ ਧੁਨੀ।

**ਗਾਇਨ ਸ਼ੈਲੀਆਂ ਦੇ ਹਵਾਲੇ**: ਇਸ ਗ੍ਰੰਥ ਵਿੱਚ ਅਸ਼ਟਪਦੀਆਂ, ਪੜਤਾਲ, ਵਾਰ, ਤਰਾਨਾ ਆਦਿ ਗਾਇਨ ਸ਼ੈਲੀਆਂ ਅੰਕਿਤ ਮਿਲਦੀਆਂ ਹਨ।

ਪੜਤਾਲ ਸ਼ੈਲੀ ਬਿਸਨੁਪਦ ਸਾਰੰਗ ਪੜਤਾਲ॥

- ਨਫੀਰੀ ਰਣੰਕੈ, ਬਜੈ ਢੋਲ ਬੰਕੈ, ਪਖਾਵਜ, ਮੁਚੰਗੋ, ਖਰੀ, ਤਾਲ, ਮਾਰੂ॥
  ਦੁੰਦਭਿ, ਉਤੰਗੈ, ਬਕੇਜਲ ਤਰੰਗੈ, ਤੁਰਹੀ, ਬੀਨ, ਤੰਬੂਰ ਔ ਡੰਕ, ਡਉਰੂ॥੪੩੮॥੧੧੯੨॥ [26]
- ਤਰਾਨਾ ਸ਼ੈਲੀ ਧਾਗੜਦੀ ਧ੍ਰਮ ਧ੍ਰਿਗ ਤਾਂਗ, ਦਾਗ਼ੜ ਦੀ ਦਿਮ ਦਿਰਨਾ॥
  ਬਾਗੜ ਦੀ ਬਿਰਕਤੈਂ-ਬਾਂਗ, ਤਾਗੜਦੀ ਤੁਮ ਤੁਮ ਤੁਮ ਤਿਰਨਾ॥
  ਦਾਗੜਦੀ ਦੈ ਦੈ ਤਾਲ, ਘਾਘੜਦੀ ਘੁਮ-ਘਿਰਨਾ॥
  ਦਾਗੜਦੀ ਦੁਮ ਦੁਮ ਦੀਮ, ਬਾਗੜਦੀ ਬਿਰਕਤ ਬਿਰਨਾ॥
  "ਤਦ੍ਰ ਦਾਨੀ ਦਾਨੀ ਤੁਮ ਦਾਨੀ, ਤਲਲ ਤੁਮ ਦਿਰਨਾ॥੧॥ ਰਹਾਉ ॥੧॥ ੪੦॥ ੬੭੦॥੧੪੨੪॥ [27]

ਉਪਰੋਕਤ ਪੜਤਾਲ ਦੇ ਪ੍ਰਸੰਗ ਵਿੱਚ ਇਸ ਗ੍ਰੰਥ ਦੇ ਸੰਪਾਦਕ ਨੇ ਲਿਖਿਆ ਹੈ, ਕਿ "ਪੜਤਾਲ-ਸੰਗੀਤਾਂ ਅਨੁਸਾਰ ਬਹੁਤ ਪ੍ਰਕਾਰ ਦਾ ਗਾਯਨ ਭੇਦ ਪਾਇਆ ਜਾਂਦਾ ਹੈ-ਵਾਸਤ੍ਵ ਵਿਚੋਂ ਪਰ-ਤਾਲੋ ਸ਼ਬਦ ਸ਼ੁੱਧ ਹੈ। ਅਤੇ ਇਸ ਦਾ ਅਰਥ ਪਰ ਹੋਰ ਤਾਲ ਹੈ। ਜਿਸ ਛੰਦ ਵਿਚ ਇਕ ਤੋਂ ਵੱਧ ਤਾਲ ਸੰਚਾਰੀ ਅੰਦ੍ਰ ਆ ਜਾਣ ਉਸਨੂੰ ਪੜਤਾਲ ਕਹਿਆ ਜਾਂਦਾ ਹੈ। ਇਹ ਨਿਯਮ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਤੇ ਹੋਰ ਸੰਗੀਤਾਂ ਵਿਚ ਇਕੋ ਜਿਹਾ ਲਾਗੂ ਹੈ। ਪ੍ਰੰਤੂ ਏਥੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਜੋ ਭੀ ਚਾਰ ਤਾਲ ਦੇ ਛੰਦ ਉਚਾਰਨ ਕੀਤੇ ਹਨ। ਉਨ੍ਹਾਂ ਦੀ ਸੰਗਯਾ ਪੜਤਾਲ ਕਰ ਦਿੱਤੀ ਹੈ।"[28]

**ਸਾਜ਼ਾਂ ਦੇ ਹਾਵਲੇ**: ਸਰਬਲੋਹ ਗ੍ਰੰਥ ਵਿੱਚ ਜਿਥੇ ਰਾਗਾਂ, ਗਾਇਨ ਸ਼ੈਲੀਆਂ ਦਾ ਉਲੇਖ ਮਿਲਦਾ ਹੈ ਉਥੇ ਇਸ ਦੇ ਕਾਵਿ ਰਚਨਾਵਾਂ ਵਿੱਚ ਕਈ ਸਾਜ਼ਾਂ ਦਾ ਜ਼ਿਕਰ ਇਸ ਤਰ੍ਹਾਂ ਮਿਲਦਾ ਹੈ:

- "ਬਜੇ ਢੋਲ ਬਹੁਗਜੇ ਸੂਰ, ਤਹੇ ਬਜਤਿ ਕੋਟ ਦੁੰਦਭਿ ਸਹਨਾਈ॥
  ਭੇਰਿ, ਰਬਾਬ, ਪਖਾਵਜ, ਬੇਨੁ ਤੂਰ, ਧੁਨਿ ਝਾਂਝਰਿ ਕੀ ਦਸਹੂੰਦਿਸ ਪਾਈ॥
  ਬੀਨ, ਉਪੰਗ, ਪਣਵ, ਡਫ, ਮਾਰੂ ਘੋਰ ਪ੍ਰਲਯ ਬਰਨੀ ਨਹਿ ਜਾਈ॥
  ਸੋਰਠਿ ਝਾਲ, ਮ੍ਰਿਦੰਗ, ਮੁਚੰਗ, ਤਰੰਗਨ-ਤਾਲ-ਘਨੀ-ਘਨ ਛਾਈ॥੫॥੪੬੩॥"[29]
  ਬਾਜਤਿ, ਚੰਗ ਮੁਚੰਗ, ਉਪੰਗ, ਰਬਾਬ, ਪਖਾਵਜ, ਚੋਲ ਨਗਾਰੇ॥ [30]

ਉਕਤ ਹਵਾਲੇ ਵਿੱਚ ਢੋਲ, ਦੁੰਦਭਿ, ਸਹਨਾਈ, ਭੇਰਿ, ਰਬਾਬ, ਪਖਾਵਜ, ਬੇਨੁ, ਤੂਰ ਬੀਨ, ਡਫ, ਮਾਰੂ, ਮ੍ਰਿਦੰਗ ਆਦਿ ਸਾਜ਼ਾਂ ਦਾ ਨਾਮ ਅੰਕਿਤ ਮਿਲਦਾ ਹੈ ਇਸ ਤਰ੍ਹਾਂ ਸਰਬਲੋਹ ਗ੍ਰੰਥ ਵਿੱਚ ਹੋਰ ਅਨੇਕ ਸਾਜ਼ਾਂ ਦਾ ਜ਼ਿਕਰ ਵਿਭਿੰਨ ਸੰਦਰਭਾਂ ਵਿੱਚ ਅੰਕਿਤ ਮਿਲਦਾ ਹੈ।

**ਸੰਗੀਤਕ ਸ਼ਬਦਾਵਲੀ** : ਸਰਬਲੋਹ ਗ੍ਰੰਥ ਦੀ ਬਾਣੀ ਰਚਨਾ ਅਧੀਨ ਅਨੇਕ ਸੰਗੀਤ ਸ਼ਬਦ ਅੰਕਿਤ ਵੀ ਮਿਲਦੇ ਹਨ:

- "ਬਾਜਤ ਘੰਟਾ, ਰਬਾਬ, ਬੀਨਾਧੁਨਿ ਸੰਖ, ਭਾਂਭ ਭੇਰੀ, ਦੁੰਦਭਿ, ਮੁਚੰਗ, ਬਨਸੀ ਜਲ ਧਾਰਾ॥
  ਮੁਹਵਰ, ਮੁਰਜੋ ਉਪੰਗ ਮੁਰਲੀ ਝਾਂਝਰ ਮ੍ਰਿਦੰਗ, ਕਾਨੜ, ਡੱਫ ਤੂਰ ਤਾਨ ਧੌਸਾ ਧੁੰਕਾਰਾ॥
  ਤਬਲਾ, ਤੰਬੂਰ, ਨਾਇ ਪਿੰਦਰੂਢੋਲਕ, ਸ਼ਹਨਾਇ, ਖੁਰਦਕ ਸ਼ੁਤਰੀ ਮ੍ਰਿਦੰਗ ਭੇਰਿਨ ਭੁੰਕਾਰਾ॥
  ਅਸਪੀ ਮਾਰੂ ਕਰਾਲ ਡੰਕਾ, ਗੋਮੁਖਨ ਝਾਲ ਤੁਰਹੀ,
  ਕਰਨਾਇ ਨਾਇ ਸਾਰੰਗਿ ਸਿਤਾਰਾ॥੧੦੦॥੭੩੦॥੧੪੮੪॥"[31]
- "ਸਰਬ-ਜੋਤਿ ਲੈ ਜੋਤਿ ਜਗਾਨੀ, ਗਗਨਿ ਥਾਲੁ ਧਨਿ ਆਈ॥
  ਰਾਗੁ ਰਾਗਨੀ, ਗੰਧ੍ਰਬ, ਅਪਸਰ ਮਿਲ, ਗਾਵਤਿ ਗੁਨ ਵਡਿਆਈ॥੧॥"[32]

ਉਪਰੋਕਤ ਕਾਵਿ ਵਰਨਣ ਵਿੱਚ ਬਾਜਤ, ਰਬਾਬ, ਬੀਨਾਧੁਨਿ, ਸੰਖ, ਭੇਰੀ, ਦੁੰਦਭਿ, ਮੁਰਲੀ, ਮ੍ਰਿਦੰਗ,

ਡੱਫ, ਤਾਨ, ਧੌਸਾ, ਡੰਕਾ, ਤੁਰਹੀ, ਸਿਤਾਰਾ, ਰਾਗੁ , ਰਾਗਨੀ, ਗਾਵਤਿ ਆਦਿ ਸੰਗੀਤਕ ਸ਼ਬਦਾਵਲੀ ਦਾ ਜ਼ਿਕਰ ਪ੍ਰਤੱਖ ਹੋਇਆ ਹੈ ਜਿਨ੍ਹਾਂ ਦਾ ਪ੍ਰਯੋਗ ਸੰਗੀਤ ਵਿੱਚ ਵਿਸ਼ੇਸ਼ ਰੂਪ ਵਿੱਚ ਹੁੰਦਾ ਆ ਰਿਹਾ ਹੈ। ਸਰਬਲੋਹ ਗ੍ਰੰਥ ਵਿੱਚ ਅਜਿਹੀਆਂ ਸੰਗੀਤਕ ਸੂਚਨਾਵਾਂ ਦਾ ਅਮੀਰ ਖਜ਼ਾਨਾ ਮੌਜੂਦ ਹੈ, ਜਿਸ ਵਿੱਚ ਤੰਤੀ ਸਾਜ਼, ਘਨ ਸਾਜ਼, ਸਸ਼ਿਰ ਸਾਜ਼, ਬਿਤ ਸਾਜ਼, ਵੱਖ-ਵੱਖ ਗਾਇਕ ਸੰਗੀਤਕਾਰਾਂ ਦੀਆਂ ਸ਼੍ਰੇਣੀਆਂ, ਗਾਇਨ ਸ਼ੈਲੀਆਂ ਦਾ ਵਰਨਣ ਕੀਤਾ ਗਿਆ ਹੈ ਜੋ ਗੁਰਮਤਿ ਸੰਗੀਤ ਦੀ ਅਮੀਰ ਪਰੰਪਰਾ ਨੂੰ ਦਰਸਾਉਂਦਾ ਹੈ

'ਸਰਬਲੋਹ' ਗ੍ਰੰਥ ਦੀ ਅੰਦਰੂਨੀ ਗਵਾਹੀ ਅਤੇ ਅਧਿਐਨ ਤੋਂ ਇਹ ਪ੍ਰਤੱਖ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਅਰੰਭ ਕੀਤੀ ਕੀਰਤਨ ਦੀ ਪਰੰਪਰਾ, ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਆਪਣੇ ਸਿਖਰ ਤੇ ਪਹੁੰਚ ਚੁੱਕੀ ਸੀ, ਜਿਸ ਦੇ ਦੀਦਾਰ 'ਸਰਬਲੋਹੋ ਗ੍ਰੰਥ ਵਿੱਚ ਆਏ ਰਾਗਾਂ, ਸਾਜ਼ਾਂ, ਨ੍ਰਿਤ, ਤਾਲ, ਗਾਇਨ ਸ਼ੈਲੀਆਂ, ਧੁਨਾਂ, ਰਹਾਓ, ਪਦਾਂ, ਅਸ਼ਟਪਦੀਆਂ, ਰਾਗਮਾਲਾਵਾਂ ਆਦਿ ਤੋਂ ਹੁੰਦਾ ਹੈ। ਇਸ ਵਿੱਚ ਭਾਰਤੀ ਸੰਗੀਤ ਅਤੇ ਗੁਰਮਤਿ ਸੰਗੀਤ ਦੀ ਵਿਸ਼ਾਲ ਰਾਗ ਪਰੰਪਰਾ ਮੌਜ਼ੂਦ ਹੈ। ਇਸ ਗ੍ਰੰਥ ਦੇ ਤਤਕਰੇ ਪਾਠ ਪਠਨ ਤੋਂ ਲਗਭਗ 273 ਰਾਗਾਂ ਦਾ ਉਲੇਖ ਪ੍ਰਾਪਤ ਹੁੰਦਾ ਹੈ।[33] ਇਸ ਤੋਂ ਇਲਾਵਾ ਇਸ ਗ੍ਰੰਥ ਦੀ ਕਾਵਿ ਰਚਨਾ ਵਿੱਚ ਅਨੇਕ ਪ੍ਰਚਲਿਤ ਤੇ ਅਪ੍ਰਚਲਿਤ ਰਾਗਾਂ ਦੇ ਨਾਮਾਂ ਦਾ ਉਲੇਖ ਮਿਲਦਾ ਹੈ ਜਿਨ੍ਹਾਂ ਦੀ ਗਿਣਤੀ 300 ਤੋਂ ਵਧੀਕ ਹੈ। ਕੁੱਲ ਮਿਲਾ ਕੇ ਇਸ ਵਿੱਚ 400-500 ਦੇ ਕਰੀਬ ਰਾਗ ਦੇ ਨਾਮ ਅੰਕਿਤ ਹੈ। ਇਸ ਤੋਂ ਇਲਾਵਾ ਸੰਗੀਤਕ ਗਾਇਨ ਸ਼ੈਲੀਆਂ ਪੜਤਾਲ, ਤਰਾਨਾ ਆਦਿ; ਸਾਜ਼ਾਂ ਵਿੱਚ ਰਬਾਬ, ਸਿਤਾਰ, ਪਖਾਵਜ, ਭੇਰੀ, ਮ੍ਰਿਦੰਗ ਆਦਿ ਦਾ ਜ਼ਿਕਰ ਪ੍ਰਤੱਖ ਹੁੰਦਾ ਹੈ। ਇਸ ਤੋਂ ਇਸ ਵਿੱਚ ਸੰਗੀਤਕ ਸ਼ਬਦਵਾਲੀ ਦੀ ਭਰਮਾਰ ਦੇਖੀ ਜਾ ਸਕਦੀ ਹੈ। ਜੋ ਗੁਰੂ ਜੀ ਦੀ ਸੰਗੀਤ ਪ੍ਰਤੀ ਗਹਨ ਜਾਣਕਾਰੀ ਅਤੇ ਗੁਰਮਤਿ ਸੰਗੀਤ ਨੂੰ ਪ੍ਰਫੁਲਤ ਕਰਨ ਦਾ ਪ੍ਰਤੱਖ ਪ੍ਰਮਾਣ ਹਨ।

**ਗੁਰੂ ਗੋਬਿੰਦ ਸਿੰਘ ਦੇ ਜੀਵਨ ਨਾਲ ਪ੍ਰਮੁਖ ਗ੍ਰੰਥ ਤੇ ਪੁਸਤਕਾਂ**

ਗੁਰੂ ਗੋਬਿੰਦ ਜੀ ਦੇ ਜੀਵਨ ਨਾਲ ਸੰਬੰਧਿਤ ਕਈ ਗ੍ਰੰਥਾਂ ਤੇ ਪੁਸਤਕਾਂ ਵਿਚੋਂ ਗੁਰੂ ਜੀ ਦੇ ਸਮੇਂ ਗੁਰਮਤਿ ਸੰਗੀਤ ਦੇ ਪ੍ਰਸਾਰ ਤੇ ਪ੍ਰਚਾਰ ਬਾਰੇ ਜਾਣਕਾਰੀ ਮਿਲਦੀ ਹੈ।

**ਰਾਗ ਸੰਦਰਭ**: ਰਾਗ ਗੁਰਮਤਿ ਸੰਗੀਤ ਦੀ ਇਕਾਈ ਹੈ। ਗੁਰੂ ਗੋਬਿੰਦ ਸਿੰਘ ਜੀ ਤੋਂ ਪਹਿਲੇ ਗੁਰੂ ਸਾਹਿਬਾਨ ਅਤੇ ਹੋਰ ਬਾਣੀਕਾਰਾਂ ਨੇ ਰਾਗ ਨੂੰ ਬਾਣੀ ਦਾ ਵਾਹਕ ਤੇ ਸੰਚਾਲਕ ਵਜੋਂ ਵਰਤਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਦੀ ਮਹੱਤਤਾ ਨੂੰ ਦਰਸਾਉਂਦੇ ਅਨੇਕਾਂ ਪ੍ਰਮਾਣ ਦਰਜ ਹਨ। ਗੁਰੂ ਜੀ ਜਿਥੇ ਦਸਮ ਅਤੇ ਸਰਬ ਲੋਹ ਗ੍ਰੰਥ ਵਿਚ ਵੱਖ-ਵੱਖ ਰਾਗਾਂ ਦੇ ਸਿਰਲੇਖ ਹੇਠ ਬਾਣੀ ਰਚੀ। ਉਥੇ ਵੱਖ-ਵੱਖ ਸਿਖ ਇਤਿਹਾਸਿਕ ਗ੍ਰੰਥਾਂ ਵਿਚ ਗੁਰੂ ਜੀ ਦੇ ਰਬਾਬੀ ਕੀਰਤਨ ਕਾਰਾਂ ਵਲੋਂ ਵੱਖ-ਵੱਖ ਰਾਗਾਂ ਵਿਚ ਕੀਰਤਨ ਕਰਨ ਦੇ ਹਵਾਲੇ ਮਿਲਦੇ ਹਨ।

ਦੋਹਰਾ

"ਜਾਮ ਨਿਸਾ ਤੇ ਗਾਵਹੀਂ ਆਸਾਵਾਰ ਸੁਹਾਇ।
ਬ੍ਰਿੰਦ ਰਬਾਬੀ ਰਸ ਕਰੈਂ ਰਾਗ ਅਨੇਕ ਸੁਨਾਇ॥੧॥

ਹਾਕਲ ਛੰਦ

ਸਿਖ ਸੁਨਹਿਂ ਪ੍ਰੇਮ ਉਪਜਾਏ। ਤਨ ਮਾਨੁਖ ਕਰਿ ਸਫਲਾਏ।
ਨਰ ਬਡੀ ਪ੍ਰਾਤਿ ਸਭਿ ਜਾਗੇ। ਲਘੁ ਦੁੰਦਭਿ ਬਾਜਨਿ ਲਾਗੇ॥੨॥
ਧੁਨਿ ਨੌਬਤਿ ਕੀ ਮਨ ਭਾਈ। ਨਰ ਨਾਰਿ ਅਨੰਦ ਉਪਜਾਈ।
ਪੁਨ ਬਜੇ ਸਰਬ ਹੀ ਬਾਜੇ। ਜਿਨ ਉਠ ਹੀ ਉੱਚ ਅਵਾਜੇ॥੩॥ "[34]
ਜੈਤਸਿਰੀ, ਸ਼੍ਰੀ ਰਾਗ, ਧਮਾਰ। ਗੌੜੀ, ਮਾਝ, ਬਿਭਾਸ, ਬਹਾਰ।
ਸੂਹੀ, ਸੋਰਠ, ਦੇਵਗੰਧਾਰ। ਆਸਾ, ਰਾਮਕਲੀ, ਬੈਰਾਰ॥੧੨॥
ਪਾਰਸੀ ਮਹਿਂ ਕਵਿਤਾ ਬਨਇਕੈ ਰੁਚਿਰ ਛਬਿ ਗੁਰੂ ਗੁਰ ਸਿੱਖਨ ਸੁਨਾਈ ਫੇਰਿ ਫੇਰਿ ਕੈ।
ਗਗਨ ਮੈਂ ਗਾਈ ਪ੍ਰੇਮ ਰਮ ਬਰਸਾਇ ਕਰਿ ਸੁਨੈ ਮਨ ਭਾਈ ਔਰ ਗਾਵੈ ਬੇਰਿ ਬੇਰਿਕੈ। "[35]

ਉਕਤ ਹਵਾਲਿਆਂ ਅੰਦਰ ਗੁਰੂ ਜੀ ਦੇ ਦਰਬਾਰ ਅੰਦਰ ਰਬਾਬੀਆਂ ਵਲੋਂ ਆਸਾ ਜੀ ਦੀ ਵਾਰ ਦਾ ਗਾਇਨ ਸਮੇਂ ਵੱਖ-ਵੱਖ ਰਾਗਾਂ ਦਾ ਗਾਇਨ, ਹੋਲੇ ਮੱਹਲੇ ਉਤੇ ਗੁਰੂ ਦਰਬਾਰ ਵਿਚ ਦੂਰੋਂ ਦੂਰੋਂ ਆਏ ਰਾਗੀਆਂ ਵਲੋਂ ਕੀਰਤਨ

ਕਰਨਾ, ਭਾਈ ਨੰਦ ਲਾਲ ਜੀ ਦੀ ਕਵਿਤਾ ਨੂੰ ਰਾਗਾਂ ਵਿਚ ਗੁਰੂ ਜੀ ਦੇ ਸਨਮੁਖ ਗਾਇਨ ਕਰਨ ਦੇ ਹਵਾਲੇ ਮਿਲਦੇ ਹਨ।

**ਕੀਰਤਨ ਸੰਦਰਭ:** ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਚਲਾਈ ਗਈ ਕੀਰਤਨ ਦੀ ਪਰੰਪਰਾ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਕਾਇਮ ਰਖਿਆ। ਗੁਰੂ ਜੀ ਖੁਦ ਵੀ ਕੀਰਤਨ ਕਰਦੇ ਸਨ ਤੇ ਉਨ੍ਹਾਂ ਦੇ ਦਰਬਾਰ ਵਿਚ ਨਿਤਾ ਪ੍ਰਤੀ ਰਬਾਬੀਆਂ ਵਲੋਂ ਕੀਰਤਨ ਕੀਤਾ ਜਾਂਦਾ ਸੀ। ਇਸ ਦੇ ਪ੍ਰਮਾਣ ਸਾਨੂੰ ਵੱਖ-ਵੱਖ ਸ੍ਰੋਤ ਗ੍ਰੰਥਾਂ ਅਤੇ ਪੁਸਤਕਾਂ ਤੋਂ ਪ੍ਰਾਪਤ ਹੁੰਦੇ ਹਨ। ਭੰਗਾਣੀ ਦੇ ਯੁੱਧ ਸਮੇਂ ਵੀ ਖਾਲਸਾਈ ਫੌਜਾਂ ਵਲੋਂ ਜਪੁਜੀ ਤੇ ਰਹਰਾਸਿ ਸਾਹਿਬ ਦਾ ਪਾਠ ਕਰਨ ਦੇ ਹਵਾਲੇ ਮਿਲਦੇ ਹਨ।

- "ਜਪੁ ਰਹਿਰਾਸ ਕੀਰਤਨ ਗਾਵੈ। ਨਾਮ ਜਪੈ ਮਨ ਤਨ ਸੁਖ ਪਾਵੈ॥ (੧੫੦॥)"[36]

ਗੁਰ ਪ੍ਰਤਾਪ ਸੂਰਜ ਗ੍ਰੰਥ ਅੰਦਰ ਗੁਰੂ ਜੀ ਦੇ ਵਿਆਹ ਸਮੇਂ ਬਰਾਤ ਵਲੋਂ ਅੰਮ੍ਰਿਤ ਵੇਲੇ ਕੀਰਤਨ ਕਰਨ ਦਾ ਜ਼ਿਕਰ ਮਿਲਦਾ ਹੈ।

- ... ਜਾਗ੍ਰਨਿ ਭਯੋ ਨਿਸਾ ਤਿਸ ਮਾਂਹੀ। ਕਿਰਤਨ ਹੋਤਿ ਅਨੰਦ ਉਰ ਮਾਂਹੀ। "[37]

  "ਪੁਨ ਭਈ ਪ੍ਰਾਤਿ ਸਭਿ ਜਾਗੇ। ਗੁਰਬਾਣੀ ਗਾਵਨਿ ਲਾਗੇ।
  ਸਤਿਨਾਮ ਸਿਮਰਿ ਉਰ ਮਹੀਆਂ। ਜੈਕਾਰ ਹੋਤਿ ਜਹਿਂ ਕਹੀਆ॥੪੬॥ " [38]

ਇਸ ਪ੍ਰਕਾਰ ਅਨੰਦਪੁਰ ਸਾਹਿਬ ਵਿਖੇ ਹੋਲੇ ਮਹੱਲੇ ਦੇ ਸਮਾਗਮ ਦੌਰਾਨ ਕੀਰਤਨ ਦੀ ਧੁਨ ਵਜਾਈ ਜਾਂਦੀ ਹੈ।

ਆਨਿ ਅਨੰਦ ਪਰਿ ਮੈਂ ਕਿਯ ਡੇਰਾ। ਜਹਿ ਮੰਗਲ ਨਿਤ ਹੋਤਿ ਘਨੇਰਾ।
ਸ਼ਬਦ ਕੀਰਤਨ ਕੀ ਧੁਨਿ ਉਠੇ। ਜਨੁ ਇਕ ਸਮ ਘਨ ਅੰਮ੍ਰਿਤੁ ਵੁਠੇ॥੯॥

ਗੁਰੂ ਜੀ ਵਲੋਂ ਬਿਸ਼ੰਬਰਦਾਸ ਜੀ ਨੂੰ ਕੀਰਤਨ ਸੰਬੰਧੀ ਉਪਦੇਸ਼ ਦੇਣਾ

"ਅਠਵੰਜਾ। ਕੀਰਤਨ ਕੀ। ਗੁਰੋਂ ਕਾ ਉਚਾਰ। ਨਾਮ ਫਲ ਸੁਣ ਹੋ ਉਧਾਰ॥੫੮॥ " [39]

ਮਾਤਾ ਜੀਤੋ ਜੀ ਦੇ ਅਕਾਲ ਚਲਾਣਾ ਸਮੇਂ ਰਬਾਬੀਆਂ ਵਲੋਂ ਕੀਰਤਨ ਕਰਨ ਦਾ ਹਵਾਲਾ

"ਨਾਮ ਅਗੰਮਪੁਰਾ ਜਿਸ ਥਾਨਾ। ਤਹਿਂਲੌ ਪਹੁੰਚੇ ਗੁਰੂ ਬਖਾਨਾ।
ਗਾਵਤਿ ਸ਼ਬਦ ਰਬਾਬੀ ਆਗੇ। ਸਿਮਰੈਂ ਨਾਮ ਸਿੱਖ ਵਡਭਾਗੇ॥੨੨॥
ਗਨ ਚੰਦਨ ਕੀ ਚਿਖਾ ਬਨਾਈ। ਸੁਤ ਨੇ ਗਹਿ ਕਰਿ ਅਗਨਿ ਲਗਾਈ। " [40]

ਉਕਤ ਹਵਾਲਿਆਂ ਤੋਂ ਗੁਰੂ ਜੀ ਦੀ ਸ੍ਰਪਸਤੀ ਵਿਚ ਗੁਰਮਤਿ ਸੰਗੀਤ ਦੀ ਕੀਰਤਨ ਪਰੰਪਰਾ ਦਾ ਵੱਖ-ਵੱਖ ਅਵਸਰਾਂ ਉਤੇ ਵਿਵਹਾਰਿਕ ਰੂਪ ਦ੍ਰਿਸ਼ਮਾਨ ਹੁੰਦਾ ਹੈ।

**ਰਬਾਬੀ-ਢਾਡੀ-ਭੱਟ ਕੀਰਤਨਕਾਰਾਂ ਦੇ ਸੰਦਰਭ :** ਦਸਮ ਪਾਤਸ਼ਾਹ ਜੀ ਦੇ ਦਰਬਾਰ ਵਿਚ ਗੁਰਬਾਣੀ ਕੀਰਤਨ ਲਈ ਰਬਾਬੀ ਕਵਿਤਾਵਾਂ ਦਾ ਗਾਇਨ ਕਰਨ ਲਈ ਢਾਡੀ ਤੇ ਭੱਟ ਸਨ। ਜੋ ਗੁਰੂ ਜੀ ਦੀ ਰਹਨੁਮਈ ਹੇਠ ਹਰ ਅਵਸਰ, ਕੀਤਰਨ ਚੌਕੀਆਂ ਸਮੇਂ ਗਾਇਨ ਕਰਦੇ ਸਨ।

ਗੁਰੂ ਜੀ ਦੀ ਦਸਤਾਰ ਬੰਦੀ ਸਮੇਂ ਰਾਗੀਆਂ, ਰਬਾਬੀਆਂ, ਢਾਡੀਆਂ, ਡੂੰਮਾਂ ਅਤੇ ਭੱਟਾਂ ਵਲੋਂ ਕੀਰਤਨ ਕਰਨ ਦੇ ਹਵਾਲੇ ਮਿਲਦੇ ਹਨ।

"ਰਾਗੀ ਬ੍ਰਿੰਦ ਰਬਾਬੀ ਸਾਰੇ। ਆਇਂ ਅਨੰਦਪੁਰਿ ਦਰਸ ਨਿਹਾਰੇ।
ਕੇਤਿਕ ਢਾਢੀ ਚਲਿ ਕਰਿ ਆਏ। ਜਿਨਹੁ ਅਖਾਰੇ ਬੀਰਨਿ ਗਾਏ॥੧੧॥
ਡੋਮ ਭਾਟ ਆਦਿਕ ਹਿਤ ਜਾਚਾ। ਹੇਰਨਿ ਹੇਤੁ ਨਵੌਂ ਗੁਰ ਸਾਚਾ।
ਅਨਿਕ ਦੇਸ਼ ਤੇ ਚਲਿ ਕਰਿ ਆਏ...
"ਸੰਗਹਿ ਉਤਰੀ ਜਿਸ ਜਿਸ ਥਾਨ। ਕੀਨਿ ਪੁਚਵਨਿ ਤਹਿਂ ਤਹਿਂ ਜਾਨਿ।
ਸ਼ਬਦ ਰਬਾਬੀ ਗਾਵਤਿ ਤਹਾਂ। ਬਸਤ੍ਰ ਸਹਿਤ ਧਨ ਦੀਨੋ ਮਹਾਂ॥੮॥
ਇਕ ਪੌੜੀ ਢਾਢੀ ਜਬਿ ਲਾਈ। ਮਨ ਭਾਵਤਿ ਬਖਸ਼ਿਸ਼ ਤਿਨ ਪਾਈ।
ਭਾਟ ਕਲਾਵਤ ਆਦਿਕ ਜਾਚੇ। ਦਰਬਸਰਬ ਕੋ ਦੇ ਗੁਰ ਸਾਚੇ॥੯॥ "[41]

ਗੁਰੂ ਜੀ ਖੁਦ ਬੈਠ ਕੇ ਰਬਾਬੀਆਂ ਪਾਸੋਂ ਕੀਰਤਨ ਸੁਣਦੇ ਸਨ।

"ਸਤਿਗੁਰ ਪ੍ਰਭੁ ਕੋ ਸਿਮਰਤਿ ਤਬੈ। ਆਇ ਰਬਾਬੀ ਗਾਵਨਿ ਲਾਗੇ।
ਬਡਭਾਗੀ ਅਨੁਰਾਗੀ ਜਾਗੇ॥੧੯॥
ਸੁਜਸੁ ਕਬਿੱਤਨ ਭਾਟ ਉਚਾਰੈਂ। ਖਰੇ ਨਕੀਬ ਅਵਾਜ਼ ਪੁਕਾਰੈਂ...
ਆਸਾ ਵਾਰ ਭੋਗ ਜਬਿ ਪਾਯੋ। ਸੁਨਿ ਸਭਿਹਿਨਿ ਤਬਿ ਸੀਸ ਨਿਵਾਯੋ। "[42]
"ਆਨਿ ਦਿਵਾਨ ਲਗਯੋ ਦਰਬਾਰ। ਬੈਠੇ ਸ਼ੋਭਤਿ ਗੁਰੂ ਉਦਾਰ।
ਸਿਖ ਸੰਗਤਿ ਅਰ ਬ੍ਰਿੰਦ ਮਸੰਦ। ਗਾਇਂ ਰਬਾਬੀ ਸ਼ਬਦ ਅਨੰਦ॥੨੯॥ "

ਗੁਰੂ ਜੀ ਦੇ ਦਰਬਾਰੀ ਰਬਾਬੀ ਭਾਈ ਸੱਦੂ ਤੇ ਮੱਦੂ ਜੀ ਹਰ ਅਵਸਰ ਪਰ ਕੀਰਤਨ ਦੀ ਹਾਜ਼ਰੀ ਭਰਦੇ ਸਨ

"ਇਨ ਪਸ਼ਚਾਤੀ ਆਇ ਸ਼ਿਤਾਬੀ। ਸੱਦੂ ਮੱਦੂ ਦੌਨ ਰਬਾਬੀ।
ਕਿਰਤਨ ਕਰਨਿ ਲਗੇ ਤਬਿ ਆਏ। ਥਿਰ ਚਿਤਜ ਬਹਿ ਥਿਰੇ ਸਮੁਦਾਏ॥੧੧॥ "[43]
ਸੱਦੂ ਮੱਦੂ ਆਸਾ ਵਾਰ ਕੀਰਤਨ ਕਰਤੇ ਰਾਗ ਸੁਧਾਰ॥
ਸੱਦੂ ਮੱਦੂ ਦੋਨਹੁ ਭਾਤਾ ਗਾਵੈ ਰਾਗ ਸ਼ਰਨ ਕੇ ਗਿਯਾਤਾ॥ "[44]

ਗੁਰੂ ਜੀ ਦੇ ਦਰਬਾਰ ਵਿਚ ਗੈਰ ਸਿੱਖ ਸੰਗੀਤਕਾਰਾਂ ਦੀਆਂ ਬੀਬੀਆਂ ਦਾ ਸ਼ਰਨ ਵਿਚ ਆਉਣਾ ਅਤੇ ਕੀਰਤਨ ਕਰਨਾ "... ਕੀਰਤਨ ਦੇ ਖੇਤਰ ਵਿਚ ਇਕ ਵੱਡਾ ਮੋੜ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਉਸ ਸਮੇਂ ਆਇਆ ਹੋਵੇਗਾ ਜਦੋ ਦਿੱਲੀ ਦੇ ਪ੍ਰਸਿੱਧ ਕਲਾਕਾਰ ਰਾਧਾ ਰਤਨ ਦੀ ਵਿਧਵਾ ਤਿਲੋਕਾ ਬਾਈ ਗੁਰੂ ਦਰਬਾਰ ਵਿੱਚ ਸ਼ਰਣਾਗਤ ਹੋ ਕੇ ਰਹਿਣ ਲੱਗੀ। ਇਹ ਬੀਬੀ ਦਸਦੇ ਹਨ, ਬੜੀ ਸੁਘੜ ਗਾਇਕ ਅਤੇ ਚਤੁਰ ਬੀਣਕਾਰ ਸੀ। ਇਹ ਵੀ ਕਹਿੰਦੇ ਹਨ ਕਿ ਇਹ ਸੰਗਤ ਵਿਚ ਕੀਰਤਨ ਸਮੈਂ ਭਾਗ ਲੈਂਦੀ ਸੀ। ਇਵੇਂ ਹੀ ਜਦੋਂ ਕਾਸ਼ੀ ਦੇ ਵਿਦਵਾਨ ਪੰਡਿਤ ਰਾਘੋਬਾ ਨੂੰ ਔਰੰਗਜ਼ੇਬ ਬਾਦਸ਼ਾਹ ਨੇ ਕਤਲ ਕਰਵਾ ਦਿਤਾ ਤਦ ਉਸ ਦੀ ਵਿਧਵਾ ਤ੍ਰਿਯੰਬਕਾ ਬਾਈ ਪਾਸ ਵੀ, ਦਿਨ ਕਟੀ ਲਈ ਗੁਰੂ ਕੀ ਸ਼ਰਣ ਵਿਚ ਆਉਣ ਤੋਂ ਬਿਨਾ ਹੋਰ ਕਿਧਰੇ ਢੋਈ ਦੇਣ ਵਾਲਾ ਨਹੀਂ ਸੀ।[45]

**ਸਾਜ਼ਾਂ ਦੇ ਸੰਦਰਭ :** ਗੁਰੂ ਜੀ ਨੇ ਗੁਰਮਤਿ ਸੰਗੀਤ ਪਰੰਪਰਾ ਦਾ ਵਿਕਾਸ ਉਸ ਸਮੇਂ ਕੀਤਾ ਜਦੋਂ ਸਮੇਂ ਦੀ ਹਕੂਮਤ ਦਾ ਹਾਕਮ ਔਰੰਗਜ਼ੇਬ ਸੀ। ਜੋ ਸੰਗੀਤ ਤੇ ਸਾਜ਼ਾਂ ਦਾ ਕੱਟੜ ਵਿਰੋਧੀ ਸੀ। ਇਹ ਸਾਖੀ ਉਸ ਦੀ ਕੱਟੜਤਾ ਦਾ ਸਬੂਤ ਹੈ। ਸੰਗੀਤਕਾਰਾਂ ਨੇ ਸਾਜ਼ਾਂ ਦਾ ਜਨਾਜ਼ਾ ਕੱਢਿਆ, ਜਦ ਅਰਥੀ ਉਸ ਦੇ ਮਹਿਲ ਕੋਲੋਂ ਲੰਘੀ ਤਾਂ ਉਸ ਨੂੰ ਪਤਾ ਲੱਗਾ ਕਿ ਇਹ ਅਰਥੀ ਸੰਗੀਤਕਾਰਾਂ ਵਲੋਂ ਕੱਢੀ ਜਾ ਰਹੀ ਹੈ ਤਾਂ ਇਸ ਨੇ ਹੁਕਮ ਦਿਤਾ ਕੀ ਇਨ੍ਹਾਂ ਸਾਜ਼ਾਂ ਨੂੰ ਇੰਨੀ ਗਹਰਾਈ ਵਿਚ ਦਫਨ ਕਰ ਦਿਤਾ ਜਾਵੇ ਕਿ ਇਨ੍ਹਾਂ ਦੀ ਧੁਨ ਸੁਣਾਈ ਨਾ ਦੇਵੇ। ਗੁਰੂ ਗੋਬਿੰਦ ਸਿੰਘ ਜੀ ਨੇ ਐਸੇ ਅਣਸੁਖਾਵੀਂ ਮਾਹੌਲ ਵਿਚ ਵੀ ਗੁਰਮਤਿ ਸੰਗੀਤ ਦੀ ਗਾਇਨ ਅਤੇ ਸਾਜ਼ ਪਰੰਪਰਾ ਨੂੰ ਕਾਇਮ ਰਖਿਆ। ਗੁਰੂ ਜੀ ਦੇ ਦਰਬਾਰ ਵਿਚ ਵੱਖ-ਵੱਖ ਤਰ੍ਹਾਂ ਦੇ ਤੰਤੀ ਅਤੇ ਤਾਲ ਸਾਜ਼ਾਂ ਦੇ ਵਾਦਨ ਦਾ ਵਰਨਣ ਮਿਲਦਾ ਹੈ। ਗੁਰੂ ਜੀ ਖੁਦ ਵੀ ਰਬਾਬ ਅਤੇ ਤਾਨਪੁਰੇ ਦਾ ਵਾਦਨ ਕਰਕੇ ਕੀਰਤਨ ਕਰਦੇ ਸਨ।

- "ਦੁੰਦਭਿ ਭੇਰਿ ਨੀਸਾਨ ਬਜਾਏ। ਬੈਠੇ ਗੁਰੂ ਦੀਵਾਨ ਲਗਾਏ। " [46]
- "ਨਾਦ ਮ੍ਰਿਦੰਗ ਸਬਦ ਬਿਧਿਨਾਨਾ। ਗੋਮੁਖ ਆਵਜ ਅਧਿਕ ਮਹਾਨਾ। "[47]
  "ਤਾਲ ਮ੍ਰਿਦੰਗ ਮੁਚੁੰਗ ਉਪੰਗਨ ਕੀ ਧੁਨਿ ਹੋਤ ਮਹਾਂ ਅਤਿ ਭਾਰੀ।
  ਗਾਵਤ ਗੀਤ ਚਲੇ ਸਭ ਆਵਤ, ਜੈਸੇ ਖਦੰ ਪੁਤ੍ਰ ਕੰਜਨ ਸਾਰੀ। "[48]
- "ਬਾਜਤ ਨਾਦ ਮ੍ਰਿਦੰਗ ਮਹਾਂ ਧੁਨਿ, ਗਾਵਤ ਗੀਤ ਅਨੰਤ ਪ੍ਰਕਾਰੀ।
  ਤੀਸਰ ਸਾਲ ਬਿਤਾਵਤ ਯਾ ਬਿਧਿ, ਗਾਵਤ ਗੀਤ ਬਡੀ ਧੁਨਿ ਭਾਰੀ। " (...)[49]
- "ਇਤ ਸਤਿਗੁਰ ਕੇ ਜੀਤ ਨਗਾਰੇ। ਬਾਜਤ ਜੰਗ ਮੁਚੰਗ ਅਪਾਰੇ॥ " (੮੭)[50]
- "ਜਤ ਹੈ ਸਿੰਘ ਪੌਰ ਜਹਾਂ ਤਹਾਂ-ਦੁੰਦਭਿ ਨਾਦ ਘਨੇ ਘੁਰਰਾਈ।
  ਤਾਲ ਮ੍ਰਿਦੰਗਨ ਘੋਖ ਅਨੰਤਨ, ਤਾਹਿ ਅਯੋ ਗਜਵਾ ਨਿਜਕਾਈ। "[51]
  ਬਾਜਤ ਭੇਰ ਕਲਨਾਇ ਸੁਰਨਾਇ ਨਗਾਰੇ ਕੀ ਚੋਟ ਸੁਨਾਇ ਦਈ ਹੈ।

ਬਾਜਤ ਰਾਗ ਛਹੋ ਅਰ ਤੀਸ ਗਈ ਸੁਧ ਕਾਇਰ ਕੋ ਨ ਰਹੀ ਹੈ।

ਝੂਮਤ ਸੂਰ ਸੁਨੇ ਧੁਨਿ ਮਾਰੁ ਕੀ ਮਾਰ ਹੀ ਮਾਰਿ ਬਿਚਾਰ ਲਈ ਹੈ।[52]

ਗੁਰੂ ਜੀ ਵਲੋਂ ਖਾਸ ਕਿਸਮ ਦਾ ਰਣਜੀਤ ਨਗਾਰਾ ਬਣਵਾਇਆ ਗਿਆ ਜਿਸ ਦੀ ਧੁਨ ਸਿੱਖਾ ਵਿਚ ਵੀਰ ਰਸ ਪੈਦਾ ਕਰਦੀ ਸੀ। ਵਰਤਮਾਨ ਸਮੇਂ ਗੁਰਦੁਆਰਿਆਂ ਵਿਚ ਅਰਦਾਸ ਸਮੇਂ ਵੀ ਨਗਾਰਾ ਦਾ ਵਾਦਨ ਕੀਤਾ ਜਾਂਦਾ ਹੈ।

"ਨਹੀਂ ਦਮਾਮਾ ਦਲ ਮਹਿੰ ਚੀਨਾ। ਸ੍ਰੀ ਸਤਿਗੁਰੂ ਬਿਚਾਰਨਿ ਕੀਨਾ।

ਅਬਿ ਦੁੰਦਭਿ ਚਹੀਅਹਿ ਬਨਿਵਾਯੋ। ਹਿਤ ਉਤਸਾਹ ਬਨਹਿ ਬਜਵਾਯੋ ॥੭॥ "[53]

"ਨੰਦ ਚੰਦ ਕੋ ਹੁਕਮ ਬਖਾਨਾ। ਕੀ ਜਹਿ ਤਯਾਰ ਨਿਸ਼ਾਨ ਮਹਾਨੋ ॥੪੧॥[54]

ਸੋ ਚਲਿ ਗਯੋ ਤਯਾਰ ਕਰਿਵਾਯੋ। ਸੁਰਾ ਮਸਾਲੇ ਸਭਿ ਮਲਾਯੋ।

ਭਯੋ ਤਯਾਰੁ ਜਿਸ ਕੀ ਧੁਨਿ ਭਾਰੀ। ਆਇ ਹਜ਼ੂਰ ਸੁ ਅਰਜ਼ ਉਚਾਰੀ ॥੪੨॥ "[55]

ਗੁਰਮਤਿ ਸੰਗੀਤ ਆਚਾਰੀਆ ਡਾ. ਗੁਰਨਾਮ ਸਿੰਘ ਜੀ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਤਾਨਪੁਰਾ ਅਤੇ ਰਬਾਬ ਸਾਜ਼ ਨਾਲ ਕੀਰਤਨ ਕਰਦੇ ਸਨ।[56]

"ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਤੱਕ ਇਸ ਸਾਜ਼ ਦਾ ਸਪੱਸ਼ਟ ਪ੍ਰਯੋਗ ਸਾਹਮਣੇ ਆਉਂਦਾ ਹੈ। ਮੰਨਿਆ ਜਾਂਦਾ ਕਿ ਗੁਰੂ ਗੋਬਿੰਦ ਸਿੰਘ ਜੀ ਖ਼ੁਦ ਤਾਨਪੁਰੇ ਉਪਰ ਰਾਗਾਤਮਕ ਸ਼ਬਦ ਗਾਇਨ ਕਰਿਆ ਕਰਦੇ ਸਨ।"

" ਹਿਮਾਚਲ ਦੇ ਮੰਡੀ ਸ਼ਹਿਰ ਵਿਚਲੇ ਗੁਰੂ ਗੋਬਿੰਦ ਸਿੰਘ ਜੀ ਦੇ ਇਤਿਹਾਸਕ ਗੁਰਧਾਮ ਵਿਚ ਇਕ ਰਬਾਬ ਦੇ ਦਰਸ਼ਨ ਦਰਵਾਏ ਜਾਂਦੇ ਹਨ ਜਿਸਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਰਬਾਬ ਕਿਹਾ ਜਾਂਦਾ ਹੈ। ਇਸ ਦੇ ਤਾਰ ਤਾਂ ਭਾਵੇਂ ਟੁੱਟ ਚੁੱਕੇ ਹਨ ਪਰ ਜੀਲ ਦੀ ਤਾਰ ਅਜੇ ਵੀ ਲਗੀ ਹੋਈ ਹੈ।"[57]

ਇਸ ਪ੍ਰਕਾਰ ਗੁਰਮਤਿ ਸੰਗੀਤ ਦੀ ਸਾਜ਼ ਪਰੰਪਰਾ ਕਾਇਮ ਰੱਖਣ ਅਤੇ ਉਸ ਨੂੰ ਪ੍ਰਫੁਲਿਤ ਕਰਨ ਹਿਤ ਗੁਰੂ ਗੋਬਿੰਦ ਸਿੰਘ ਜੀ ਨੇ ਵਿਸ਼ੇਸ਼ ਯੋਗਦਾਨ ਪਾਇਆ।

**ਗਾਇਨ ਸ਼ੈਲੀਆਂ ਦੇ ਸੰਦਰਭ :** ਗੁਰੂ ਸਾਹਿਬ ਨੇ ਆਪਣੀ ਬਾਣੀ ਵੱਖ-ਵੱਖ ਰਾਗਾਂ ਦੇ ਨਾਲ ਨਾਲ ਵੱਖ-ਵੱਖ ਗਾਇਨ ਸ਼ੈਲੀਆਂ ਵਿਚ ਰਚੀ ਹੈ। ਪਦੇ, ਅਸਟਪਦੀਆ, ਪੜਤਾਲ, ਖਿਆਲ, ਰਾਗਮਾਲਾਵਾਂ, ਤਰਾਨਾ, ਧਮਾਲ, ਆਦਿ ਸੰਗੀਤ ਦੇ ਸ਼ਾਸਤਰੀ ਪੱਖ ਅਤੇ ਚੰਡੀ ਦੀ ਵਾਰ ਲੋਕ ਗਾਇਨ ਸ਼ੈਲੀਆਂ ਦੀ ਤਰਜਮਾਨੀ ਕਰਦੀਆਂ ਹਨ। ਗੁਰੂ ਜੀ ਨੇ ਬਾਣੀ ਵਿਚ ਪਰਮਾਤਮਾ ਦੀ ਉਸਤਤਿ ਵਿਚ ਅਜਿਹੇ ਸੰਗੀਤਕ ਛੰਦਾਂ ਦੀ ਵਰਤੋਂ ਕੀਤੀ ਹੈ ਜਿਸ ਦੀ ਹੋਰ ਉਦਾਰਹਣ ਦੇਣਾ ਮੁਸ਼ਕਿਲ ਹੈ। ਇਨ੍ਹਾਂ ਗਾਇਨ ਸ਼ੈਲੀਆਂ ਬਾਰੇ ਗੁਰੂ ਜੀ ਵਲੋਂ ਰਚਿਤ ਬਾਣੀ ਤੋਂ ਇਲਾਵਾ ਵੱਖ-ਵੱਖ ਗ੍ਰੰਥਾਂ ਤੇ ਪੁਸਤਕਾਂ ਵਿਚ ਵੀ ਵਰਨਣ ਮਿਲਦਾ ਹੈ।

ਆਸਾ ਕੀ ਵਾਰ

- "ਸਵੈਯਾ। ਯਾ ਬਿਧਿ ਰਹਤ ਕਹੀ ਗੁਰ ਜੀ ਤਬ, ਰਾਤ ਬਿਤੀਤ ਭਈ ਸਬ ਸਾਰੀ।
  ਤਾ ਸਮੈ ਆਨ ਪੜ੍ਹੀ ਗੁਰ ਸਿਖਨ, ਆਸਾ ਕੀ ਵਾਰ ਬਜੰਤ੍ਰ ਅਪਾਰੀ।
  ਵਾਰ ਸਮਾਪਤਿ ਪ੍ਰਾਤ ਭਯੋ, ਤਬ ਬੀਸ ਸਹੰਸ੍ਰ ਦਾਮ ਉਚਾਰੀ।
  ਕਨਕ ਸੁ ਭੂਖਨ ਬਾਂਟ ਦਏ ਪੁਨਿ, ਚਾਰ ਪਦਾਰਥ ਭਾਵਨ ਭਾਰੀ ॥੪੮॥ "[58]
  ਆਸਾ ਵਾਰ ਭੋਗ ਜਬਿ ਪਾਯੋ। ਸੁਨਿ ਸਭਿਹਿਨਿ ਤਬਿ ਸੀਸ ਨਿਵਾਯੋ। "[59]
  "ਜਾਮ ਜਾਮਨੀ ਜਬਹੁ ਨਿਹਾਰੇ। ਨੌਬਤ ਬਜਨ ਲਗੀ ਗੁਰਦ੍ਵਾਰੇ।
  ਸੁਨਤਿ ਰਬਾਬੀ ਚਲਿ ਕਰਿ ਆਏ। ਆਸਾਵਾਰ ਰਾਗ ਜੁਤਿ ਗਾਏ ॥੧੩॥ "[60]
  ਜਪਜੀ ਕਾ ਜਾਪ ਇਸ ਘੜੀ ਕਰਨਾ ਜ਼ਰੂਰ ਥਾ
  ਪੜ੍ਹ ਕੇ ਗਰੰਥ ਔਰ ਬੜ੍ਹਾਨਾ ਸੁਰੂਰ ਥਾ
  ਥਾ ਸਰ ਪ: ਵਕਤ ਆ ਗਿਆ ਆਸਾ ਕੀ ਵਾਰ ਕਾ

ਸਾਜੋਂ ਕੀ ਜ਼ੇਰੋ ਬੁਮ ਕਾ, ਚੜ੍ਹਾਓ ਉਤਾਰ ਕਾ"[61]

ਪਉੜੀ

ਸੁਨਿ ਕੈ ਗਾਵਤਿ ਸ਼ਬਦ ਕੋ ਪੁਨ ਪੌੜੀ ਤਹਿ ਲਾਇ।
ਭਾਗ ਪਾਇ ਅਰਦਾਸ ਕਰਿ ਸੁਭਿਹੂੰ ਸੀਸ ਨਿਵਾਇ॥੧੮॥[62]
ਇਕ ਪੌੜੀ ਢਾਢੀ ਜਬਿ ਲਾਈ। ਮਨ ਭਾਵਤਿ ਬਖਸ਼ਿਸ਼ ਤਿਨ ਪਾਈ।
ਭਾਟ ਕਲਾਵਤ ਆਦਿਕ ਜਾਚੇ। ਦਰਬਸਰਬ ਕੋ ਦੇ ਗੁਰ ਸਾਚੇ॥੯॥"[63]

ਚੰਡੀ ਕੀ ਵਾਰ

ਪਉੜੀ॥ ਇਕ ਦਿਹੜੇ ਨ੍ਹਾਵਣ ਆਈ ਦੁਰਗਸਾਹ॥
... ਤੇਰੀ ਸਾਮ ਤਕਾਈ ਦੇਵੀ ਦੁਰਗ ਸਾਹ ॥੪॥[64]

**ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ ਤੇ ਗੁਰਿਆਈ ਸੰਦਰਭ :** ਗੁਰਮਤਿ ਸੰਗੀਤ ਦੇ ਆਧਾਰ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮੁੜ ਸੰਪਾਦਨਾਂ ਕਰਨੀ ਗੁਰੂ ਜੀ ਵਲੋਂ ਗੁਰਮਤਿ ਸੰਗੀਤ ਪਰੰਪਰਾ ਵਿਚ ਪਾਇਆ ਅਹਿਮ ਯੋਗਦਾਨ ਹੈ। ਗੁਰੂ ਜੀ ਵਲੋਂ ਧੀਰਮੱਲ ਪਾਸੋਂ ਆਦਿ ਗ੍ਰੰਥ ਸਾਹਿਬ ਦੀ ਬੀੜ ਮੰਗਣ ਤੋਂ ਇਨਕਾਰ ਕਰਕੇ ਗੁਰੂ ਜੀ ਵਲੋਂ ਭਾਈ ਮਨੂ ਜੀ ਪਾਸੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਨਵੀਂ ਬੀੜ ਲਿਖਵਾਈ ਗਈ।

"... ਅਬ ਦਰਬਾਰ ਦਮਦਮਾ ਜਾਹਂ। ਤੰਬੂ ਲਗਵਾਕੈ ਗੁਰ ਤਾਹਂ।
ਮਨੀ ਵਿਚ ਕੋ ਲਿਖਣ ਬਠੈਕੈ। ਗੁਰੁ ਨਾਨਕ ਕਾ ਧਿਆ ਧਰੈਕੈ ।
ਨਿਤ ਪ੍ਰਤਿ ਗੁਰੂ ਉਚਾਰੀ ਜੈਸੇ। ਬਾਣੀ ਲਿਖੀ ਮਨੀ ਸਿੰਘ ਤੈਸੇ। "

ਗੁਰੂ ਜੀ ਵਲੋਂ ਤਲਵੰਡੀ (ਦਮਦਮੀ) ਵਿਖੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰਨ ਬਾਰੇ ਸਿੱਖ ਵਿਦਵਾਨ ਪ੍ਰਿੰ. ਸਤਿਬੀਰ ਸਿੰਘ ਜੀ ਲਿਖਦੇ ਹਨ "ਰੁਪਾਣੇ ਤੋਂ ਗੁਰੂ ਜੀ ਸਾਬੋ ਕੀ ਤਲਵੰਡੀ (ਦਮਦਮੇ) ਪੁਜੇ। ਉਥੇ ਗੁਰੂ ਜੀ ਸਾਲ ਦੇ ਕਰੀਬ ਰਹੇ ਅਤੇ ਦਮਦਮੇ ਸਾਹਿਬ ਨੂੰ ਵਿਦਿਆ ਦਾ ਘਰ ਬਣਾਇਆ। ਦਮਦਮੇ ਸਾਹਿਬ ਹੀ ਗੁਰੂ ਗੋਬਿੰਦ ਜੀ ਨੇ ਗੁਰੂ ਗ੍ਰੰਥ ਸਾਹਿਬ ਨੂੰ ਵਰਤਮਾਨ ਰੂਪ ਦਿਤਾ। ਬੀੜ ਨੂ ਨਵੇਂ ਸਿਰੇ ਤੋਂ ਸੰਪਾਦਦ ਕੀਤਾ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਥਾਂ ਸਿਰ ਦਰਜ ਕੀਤਾ। ਲਿਖਣ ਦਾ ਇਹ ਮਹਾਨ ਕੰਮ ਭਾਈ ਮਨੀ ਸਿੰਘ ਜੀ ਨੇ ਕੀਤਾ।"[65]

**ਸ਼ਾਰੰਸ:** ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਗੁਰਮਿਤ ਸੰਗੀਤ ਵਿਚ ਯੋਗਦਾਨ ਬਾਰੇ ਵਿਸਤ੍ਰਿਤ ਚਰਚਾ ਤੋਂ ਦਸਮ ਪਾਤਸ਼ਾਹ ਦਾ ਬਹੁਪੱਖੀ ਯੋਗਦਾਨ ਪ੍ਰਤੱਖ ਹੈ। ਗੁਰੂ ਜੀ ਦੇ ਦਰਬਾਰ ਵਿਚ 52 ਕਵੀ ਸਨ। ਗੁਰੂ ਜੀ ਦੀ ਬਾਣੀ ਮੰਨੇ ਜਾਂਦੇ ਗ੍ਰੰਥ ਦਸਮ ਗ੍ਰੰਥ, ਸਰਬ ਲੋਹ ਗ੍ਰੰਥ ਵਿਚ ਸੰਗੀਤਕ ਤੱਤ ਭਰਪੂਰ ਹਨ। ਜਿਵੇਂ ਰਾਗ, ਗਾਇਨ ਸ਼ੈਲੀਆਂ (ਅਸਟਪਦੀ, ਖਿਆਲ, ਪੜਤਾਲ, ਵਾਰ), ਸਾਜ਼ (ਰਬਾਬ, ਪਖਾਵਜ, ਮ੍ਰਿਦੰਗ) ਆਦਿ ਦਾ ਵਰਨਣ ਮਿਲਦਾ ਹੈ। ਇਤਿਹਾਸਿਕ ਗ੍ਰੰਥਾਂ ਜਿਵੇਂ ਗੁਰਬਿਲਾਸ ਪਾਤਸ਼ਾਹੀ ਦਸਵੀਂ, ਸ੍ਰੀ ਗੁਰ ਸੋਭਾ, ਸ੍ਰੀ ਗੁਰ ਸੂਰਜ ਪ੍ਰਤਾਪ ਗ੍ਰੰਥ ਆਦਿ ਤੋਂ ਗੁਰੂ ਜੀ ਦੇ ਸਮੇਂ ਗੁਰਮਤਿ ਸੰਗੀਤ ਦੀ ਸਥਿਤੀ ਬਾਰੇ ਜਾਣਕਾਰੀ ਮਿਲਦੀ ਹੈ।

ਗੁਰੂ ਜੀ ਦੇ ਜੀਵਨ ਨਾਲ ਸੰਬੰਧਿਤ ਹੋਰ ਗ੍ਰੰਥਾਂ ਤੇ ਇਤਿਹਾਸਿਕ ਸੰਦਰਭਾਂ ਵਿਚ ਰਾਗਾਂ (ਜੈਤਸਰੀ, ਆਸਾ ਆਦਿ), ਕੀਰਤਨ (ਆਸਾ ਕੀ ਵਾਰ, ਜਪੁਜੀ, ਰਹਰਾਸਿ), ਕੀਰਤਨਕਾਰ ਅਤੇ ਢਾਡੀ (ਭਾਈ ਸੱਦੂ-ਮੱਦੂ, ਬੀਬੀ ਤਿਲੋਕਾ ਬਾਈ ਆਦਿ), ਸਾਜ਼ਾਂ (ਰਬਾਬ, ਤਾਨਪੁਰਾ, ਰਣਜੀਤ ਨਗਾਰਾ, ਮ੍ਰਿਦੰਗ ਆਦਿ) ਅਤੇ ਗਾਇਨ ਸ਼ੈਲੀਆਂ (ਪੌੜੀ, ਚੰਡੀ ਦੀ ਵਾਰ) ਦੇ ਮਹੱਤਵਪੂਰਨ ਹਵਾਲੇ ਪ੍ਰਾਪਤ ਹੁੰਦੇ ਹਨ। ਔਰੰਗਜ਼ੇਬ ਦੇ ਸੰਗੀਤ ਵਿਰੋਧੀ ਸਮੇਂ ਵਿਚ ਵੀ ਗੁਰਮਤਿ ਸੰਗੀਤ ਪਰੰਪਰਾ ਨੂੰ ਬੇਖੌਫ਼ ਪ੍ਰਚਾਰ ਤੇ ਵਿਕਾਸ ਕੀਤਾ। ਉਨ੍ਹਾਂ ਨੇ ਗੁਰੂ ਗ੍ਰੰਥ ਸਾਹਬ ਨੂੰ ਵਰਤਮਾਨ ਰੂਪ ਦਿਤਾ ਅਤੇ ਗੁਰਗੱਦੀ ਸੌਪੀਂ।

ਸੰਖੇਪ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਮਿਤ ਸੰਗੀਤ ਨੂੰ ਸਿਧਾਂਤਕ ਅਤੇ ਵਿਹਾਰਕ ਰੂਪ ਵਿਚ ਸਿਖਰ ਤੱਕ ਪਹੁੰਚਾਇਆ, ਜਿਸ ਨੂੰ ਦਸਮ ਗ੍ਰੰਥ, ਸਰਬ ਲੋਹ ਗ੍ਰੰਥ ਅਤੇ ਇਤਿਹਾਸਕ ਸ੍ਰੋਤਾਂ ਰਾਹੀਂ ਸਮਝਿਆ ਜਾਂ ਸਕਦਾ ਹੈ। ਇਹ ਯੋਗਦਾਨ ਰਾਗਾਂ, ਸਾਜ਼ਾਂ, ਗਾਇਨ ਸ਼ੈਲੀਆਂ ਅਤੇ ਕੀਰਤਨ ਪ੍ਰਸਾਰ ਵਿਚ ਵਿਸ਼ੇਸ਼ ਹੈ।


**ਹਵਾਲੇ ਤੇ ਸੰਦਰਭ ਪੁਸਤਕਾਂ**


1. ਨਾਭਾ, ਕਾਨ੍ਹ ਸਿੰਘ (ਭਾਈ), **ਗੁਰੁਸ਼ਬਦ ਰਤਨਾਕਰ ਮਹਾਨ ਕੋਸ਼**, 2006, ਪੰਨਾ 429
2. ਜੋਧ ਸਿੰਘ (ਡਾ.) (ਸੰਪਾ.), **ਸਿੱਖ ਧਰਮ ਵਿਸ਼ਵਕੋਸ਼**, 2013, ਪੰਨਾ 493
3. ਬੇਦੀ, ਦਿਲਜੀਤ ਸਿੰਘ (ਸੰਪਾ.), **ਦਸਮ ਪਾਤਸ਼ਾਹ ਦਾ ਵਿਸ਼ਵ-ਦ੍ਰਿਸ਼ਟੀਕੋਣ**, 2017, ਪੰਨੇ 211-217
4. ਉਹੀ, 495
5. ਜੱਗੀ, ਗੁਰਸ਼ਰਨ ਕੌਰ (ਡਾ.) (ਸੰਪਾ.), **ਦਸ਼ਮੇਸ਼ ਬਾਣੀ ਚੋਣਵਾਂ ਸੰਗ੍ਰਹਿ**, ਪੰਨਾ-ਆਦਿ ਕਥਨ
6. ਨਾਭਾ, ਕਾਨ੍ਹ ਸਿੰਘ (ਭਾਈ), **ਗੁਰਸ਼ਬਦ ਰਤਨਾਕਰ ਮਹਾਨ ਕੋਸ਼**, ਪੰਨਾ 616
7. ਜੱਗੀ, ਰਤਨ ਸਿੰਘ (ਡਾ.), ਜੱਗੀ, ਗੁਰਸ਼ਰਨ ਕੌਰ (ਡਾ.), **ਸ੍ਰੀ ਦਸਮ ਗ੍ਰੰਥ ਸਾਹਿਬ ਪਾਠ-ਸੰਪਾਦਨ ਅਤੇ ਵਿਆਖਿਆ**, ਭਾਗ ਪਹਿਲਾ, ਪੰਨਾ 8
8. ਗੁਰਨਾਮ ਸਿੰਘ (ਡਾ.), ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ, ਪੰਨੇ 154-155
9. ਜੱਗੀ, ਰਤਨ ਸਿੰਘ (ਡਾ.), ਜੱਗੀ, ਗੁਰਸ਼ਰਨ ਕੌਰ (ਡਾ.), **ਸ੍ਰੀ ਦਸਮ ਗ੍ਰੰਥ ਸਾਹਿਬ ਪਾਠ-ਸੰਪਾਦਨ ਅਤੇ ਵਿਆਖਿਆ**, ਭਾਗ-ਤੀਸਰਾ, ਪੰਨਾ 128
10. ਉਹੀ, ਭਾਗ-ਪਹਿਲਾ, ਪੰਨਾ 81
11. "ਕਾਗੜਦੰ ਕੋਪ ਕੈ ਦਈਤ ਰਾਜ। ਜਾਗੜਦੰ ਜੁਧ ਕੋ ਸਜਿਯੋ ਸਾਜ। ...ਬਾਗੜਦੰ ਬੀਰ ਬੁਲੋ ਅਨੰਤ॥ ਰਾਗੜਦੰ ਰੋਸ ਰੋਹੇ ਦੁਰੰਤ।" ੪੯੩। (ਜੱਗੀ, ਰਤਨ ਸਿੰਘ (ਡਾ.), ਜੱਗੀ, ਗੁਰਸ਼ਰਨ ਕੌਰ (ਡਾ.), **ਸ੍ਰੀ ਦਸਮ ਗ੍ਰੰਥ ਸਾਹਿਬ ਪਾਠ-ਸੰਪਾਦਨ ਅਤੇ ਵਿਆਖਿਆ**, ਭਾਗ ਪਹਿਲਾ, ਪੰਨਾ 608
12. "ਸਾਗੜਦੀ ਸਾਂਗ ਸੰਗ੍ਰ ਹੈ ਤਾਗੜਦੀ ਰਣਿ ਤੁਰੀ ਨਚਾਵਹਿੰ।...ਹੋ ਬਾਗੜਦੀ ਵੀਰ ਬਿਕ੍ਰਾਰ ਸਾਗੜਦੀ ਸ੍ਰੋਣਤ ਤਨ ਭਿਗਹੀ।੫੬੧।" (ਉਹੀ, ਪੰਨਾ 590)
13. "ਸੰਗੀਤ ਭੁਜੰਗ ਪ੍ਰਯਾਤ ਛੰਦੌਂ ਜਾਗੜਦੰ ਜੁਝਿਯੋ ਭਾਗੜਦੰ ਭ੍ਰਾਤੰ।...ਆਗੜਦੰ ਆਕਾਸ ਤੇ ਜਾਨੁ ਓਰੇ।੫੭੫।" (ਉਹੀ, ਪੰਨਾ)
14. "ਸੰਗੀਤ ਮਧੁਭਾਰ ਛੰਦੋ -ਕਾਗੜਦੰ ਕੜਾਕ। ਤਗੜਦੰ ਤੜਾਕ।...ਗਾਗੜਦੰ ਗਹੀਰ।੧੦।੧੬੬।" (ਚੰਡੀ ਚਰਿਤ੍ਰ 2) (ਉਹੀ, ਭਾਗ ਦੂਸਰਾ, ਪੰਨਾ 292)
15. "ਕੜਾ ਕੜੀ ਕ੍ਰਿਪਾਣਯੰ। ਜਟਾ ਜੁਟੀ ਜੁਆਣਯੰ।...ਲੜਾਕ ਲਾਗੜਦੰ ਪਗੇ।੧੯।੧੭੫।" (ਚੰਡੀ ਚਰਿਤ੍ਰ 2) (ਉਹੀ, ਭਾਗ ਦੂਸਰਾ, ਪੰਨਾ 294)
16. ਤਾਗੜਦੰ ਤਾਲ ਬਾਜਤ ਮੁਚੰਗ। ਬੀਨਾ ਸੁ ਬੈਣ ਬੰਸੀ ਮ੍ਰਿਦੰਗ। ਡਫ ਤਾਲ ਤੁਰੀ ਸਹਿਨਾਇ ਰਾਗ। ਬਾਜੰਤ ਜਾਨ ਉਪਨਤ ਸੁਹਾਗ।੨੦। ਉਹੀ, ਭਾਗ ਤੀਸਰਾ, ਪੰਨਾ 128
17. ਜੱਗੀ, ਰਤਨ ਸਿੰਘ (ਡਾ.), ਜੱਗੀ, ਗੁਰਸ਼ਰਨ ਕੌਰ (ਡਾ.), **ਸ੍ਰੀ ਦਸਮ ਗ੍ਰੰਥ ਸਾਹਿਬ ਪਾਠ-ਸੰਪਾਦਨ ਅਤੇ ਵਿਆਖਿਆ**, ਭਾਗ ਪਹਿਲਾ, ਪੰਨਾ 590
18. A vase treasure fo ragas isf ound in the Dasam Granth (DG) and Sarab Leh Granth both fo which are attributed to the tenth Guru. He composed hisf amous Punjabi hymn (Mitar Pyare Nu hal Muridan da kehna) in Khyal style (D.G L711). Bfeore Guru Gobind Singh, Khyal existed as an independent style fo poetry and music. In the history fo Indian music initily Sultan Hussain, Shah Sharki (1458-99) 2nd Amir Khusrau (1254-1324) both contributed to the development fo Khyal. But is became popular as an independent classical singing style during the period fo Mohammad Shah Rangila (1719-48) When Sadarang (Niyamat Khan) and Adarang (Feroze Khan) (Mahabharati 2011 L 551-2) Composed Khyal in various languages fo Northern India as well as in Punjabi. Even bfeore these musicians, Guru Gobind Singh composed his Khyal in Punjabi, af act which earned it the title Khyal Gaiki in Punjab. (Pashaura Singh, Lauis E. Fenech (Edited by) **The Ofxord Handbook fo Sikh Studies**, page 400, 401. )
19. ਤਾਰਾ ਸਿੰਘ (ਪ੍ਰੋ.), ਸੁਰਜੀਤ ਕੌਰ (ਲੇਖਕ), **ਵਾਦਨ ਕਲਾ**, ਪੰਨਾ 249
20. ਨਾਭਾ, ਕਾਨ੍ਹ ਸਿੰਘ (ਭਾਈ), **ਗੁਰੁਸ਼ਬਦ ਰਤਨਾਕਰ ਮਹਾਨ ਕੋਸ਼**, ਪੰਨਾ 167
21. ਜੋਧ ਸਿੰਘ (ਡਾ.) (ਮੁੱਖ ਸੰਪਾ.), **ਸਿੱਖ ਧਰਮ ਵਿਸ਼ਵਕੋਸ਼** (ਪਹਿਲੀ ਸੈਂਚੀ ੳ ਤੋਂ ਸ਼), ਪੰਨਾ 349
22. ਗਿੱਲ, ਰਛਪਾਲ ਸਿੰਘ (ਮੁੱਖ ਸੰਪਾ.), **ਪੰਜਾਬ ਕੋਸ਼**, ਪੰਨਾ 280
23. ਤਾਰਾ ਸਿੰਘ (ਪ੍ਰੋ.), **ਗੁਰੂ ਗੋਬਿੰਦ ਸਿੰਘ ਰਾਗ ਰਤਨਾਵਲੀ**, ਅੰਮ੍ਰਿਤ ਕੀਰਤਨ ਟਰਸਟ, ਚੰਡੀਗੜ੍ਹ, ਸੰਪਾ. ਸੁਰਜੀਤ ਕੌਰ,

ਗੁਰਨਾਮ ਸਿੰਘ (ਡਾ.), 1994, ਆਦਿਕਾ 3
24. ਦਿਆਲ ਸਿੰਘ (ਜਥੇ।) (ਸੰਪਾ.), **ਸੰਪੂਰਨ ਸਟੀਕ ਸ੍ਰੀ ਸਰਬਲੋਹ ਗ੍ਰੰਥ ਸਾਹਿਬ ਜੀ** (ਸ੍ਰੀ ਮੰਗਲਾਚਰਨ) ਭਾਗ ਪਹਿਲਾ, ਅਧਿਆਇ ਪਹਿਲਾ, ਪੰਨਾ 118
25. ਜੱਗੀ, ਰਤਨ ਸਿੰਘ (ਡਾ.), **ਸਿੱਖ ਪੰਥ ਵਿਸ਼ਵਕੋਸ਼**, ਭਾਗ ਪਹਿਲਾ, ਪੰਨੇ 230-231।
26. ਉਹੀ ਰਚਨਾ, ਭਾਗ ਦੂਜਾ, ਅਧਿਆਇ 2, 3, 4, ਪੰਨਾ 63
27. ਜੱਗੀ, ਰਤਨ ਸਿੰਘ (ਡਾ.), **ਸਿੱਖ ਪੰਥ ਵਿਸ਼ਵਕੋਸ਼**, ਭਾਗ ਪਹਿਲਾ, ਪੰਨਾ 119
28. ਉਹੀ, ਪੰਨਾ 125
29. ਦਿਆਲ ਸਿੰਘ (ਜਥੇ.) (ਸੰਪਾ.), **ਸੰਪੂਰਨ ਸਟੀਕ ਸ੍ਰੀ ਸਰਬਲੋਹ ਗ੍ਰੰਥ ਸਾਹਿਬ ਜੀ** (ਸ੍ਰੀ ਮੰਗਲਾਚਰਨ) ਭਾਗ ਪਹਿਲਾ, ਅਧਿਆਇ ਪਹਿਲਾ, ਪੰਨਾ 118
30. ਉਹੀ, ਭਾਗ ਪਹਿਲਾ, ਅਧਿਆਇ 1, ਪੰਨਾ 115
31. ਦਿਆਲ ਸਿੰਘ (ਜਥੇ.) (ਸੰਪਾ.), **ਸੰਪੂਰਨ ਸਟੀਕ ਸ੍ਰੀ ਸਰਬਲੋਹ ਗ੍ਰੰਥ ਸਾਹਿਬ ਜੀ** (ਸ੍ਰੀ ਮੰਗਲਾਚਰਨ), ਭਾਗ ਦੂਜਾ, ਅਧਿਆਇ 2, 3, 4, ਪੰਨਾ 135
32. ਉਹੀ, ਭਾਗ ਪਹਿਲਾ, ਅਧਿਆਇ 1, ਪੰਨਾ 61
33. ਉਹੀ, ਪੰਨਾ ਤਤਕਰਾ
34. ਉਹੀ, ਪੰਨਾ ੪੫੪੮
35. ਉਹੀ, ਪੰਨੇ ੫੦੮੯-੫੦੯੦
36. ਕੁਇਰ ਸਿੰਘ, **ਗੁਰਬਿਲਾਸ ਪਾਤਸ਼ਾਹੀ ੧੦**, ਪੰਨਾ 96
37. ਉਹੀ, ਪੰਨਾ ੪੫੧੪
38. ਉਹੀ, ਪੰਨਾ ੪੫੪੭
39. ਉਹੀ, ਪੰਨਾ ੫੪੮੯
40. ਉਹੀ, ਪੰਨਾ ੫੫੨੬
41. ਉਹੀ, ਪੰਨਾ ੪੫੧੭
42. ਉਹੀ, ਪੰਨਾ ੪੫੫੮
43. ਉਹੀ, ਪੰਨਾ ੫੫੬੯
44. ਗੁਰਨਾਮ ਸਿੰਘ (ਡਾ.), **ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ**, 2011, ਪੰਨਾ 216
45. ਵਿਦਿਆਰਥੀ, ਦੇਵਿੰਦਰ ਸਿੰਘ, **ਕੀਰਤਨ ਸੰਦਰਭ ਅਤੇ ਸਰੂਪ**, 1992, ਪੰਨਾ 149
46. ਉਹੀ, ਪੰਨਾ 98
47. ਉਹੀ, ਪੰਨਾ 100
48. ਉਹੀ, ਪੰਨਾ 104
49. ਉਹੀ, ਪੰਨਾ 110
50. ਉਹੀ, ਪੰਨਾ 149
51. ਉਹੀ, ਪੰਨਾ 166
52. ਉਹੀ, ਪੰਨੇ 104-105
53. ਉਹੀ, ਪੰਨਾ ੪੫੭੫
54. ਉਹੀ, ਪੰਨਾ ੪੫੮੭
55. ਉਹੀ, ਪੰਨਾ ੪੫੯੪
56. ਉਹੀ, ਪੰਨਾ 198
57. ਉਹੀ, ਪੰਨਾ 193-194
58. ਉਹੀ, ਪੰਨਾ 111
59. ਉਹੀ, ਪੰਨਾ ੪੫੫੮
60. ਉਹੀ, ਪੰਨਾ ੪੫੯੯
61. ਜੋਗੀ ਅਲ੍ਹਾ ਯਾਰ ਖਾਂ, **ਸ਼ਹੀਦਾਨਿ ਵਫ਼ਾ**, 2021, ਪੰਨੇ 20-22
62. ਉਹੀ, ਪੰਨਾ ੪੫੦੮
63. ਉਹੀ, ਪੰਨਾ ੪੫੧੭
64. ਜੱਗੀ, ਰਤਨ ਸਿੰਘ (ਡਾ.), ਜੱਗੀ, ਗੁਰਸ਼ਰਨ ਕੌਰ (ਡਾ.), **ਸ੍ਰੀ ਦਸਮ ਗ੍ਰੰਥ ਸਾਹਿਬ ਪਾਠ-ਸੰਪਾਦਨ ਅਤੇ ਵਿਆਖਿਆ**, ਭਾਗ ਪਹਿਲਾ, ਪੰਨਾ 316
65. ਸਤਿਬੀਰ ਸਿੰਘ, **ਸਾਡਾ ਇਤਿਹਾਸ** (ਭਾਗ ਪਹਿਲਾ), ਪੰਨਾ 433

# ਡਾਕਟਰ ਭਾਈ ਸਰਬ ਸਿੰਘ

**ਸਵ. ਅਨੁਵੰਤ ਕੌਰ**
(ਸਪੁੱਤਰੀ ਡਾ. ਸਰਬ ਸਿੰਘ)


(੧੯੦੮-੧੯੭੦)

ਭਾਈ ਸਰਬ ਸਿੰਘ ਜੀ ਆਪਣੇ ਸਮੇਂ ਦੇ ਉਤਕ੍ਰਿਸ਼ਟ ਰਾਗੀ ਹੋਏ ਹਨ। ਆਪ ਪੂਰਨ ਗੁਰਸਿੱਖ ਅਤੇ ਗੁਰੂ ਨਾਨਕ ਦੇ ਦਰ ਦੇ ਉਘੇ ਢਾਢੀ ਸਨ। ਆਪ ਉਚ-ਕੋਟੀ ਦੇ ਵਿਦਵਾਨ ਤੇ ਨਿਸ਼ਕਾਮ ਸੇਵਕ ਸਨ। ਆਪ 14 ਸਾਲ ਦੀ ਅਵਸਥਾ ਤੋਂ ਲੈਕੇ ਅੰਤ ਸਮੇਂ ਤੀਕ ਕੀਰਤਨ ਅਤੇ ਪ੍ਰਚਾਰ ਦੁਆਰਾ ਕੌਮ ਦੀ ਸੇਵਾ ਕਰਦੇ ਰਹੇ।

ਆਪ ਦਾ ਜਨਮ ਪਿੰਡ ਮੋਜ਼ਾ ਲੁੰਦਖੜ, ਜ਼ਿਲ੍ਹਾ ਮਦਰਾਨ ਵਿਖੇ (N.W. F. P.) 1908 ਵਿੱਚ ਹੋਇਆ। ਆਪ ਦੀ ਮਾਤਾ ਜੀ ਦਾ ਨਾਂ ਸਾਈਂ ਦਿੱਤੀ ਅਤੇ ਪਿਤਾ ਜੀ ਦਾ ਨਾਂ ਸ: ਮੱਖਣ ਸਿੰਘ ਸੀ । ਕੁਝ ਚਿਰ ਪਿੰਡ ਵਿਚ ਰਹਿਣ ਤੋਂ ਪਿੱਛੋਂ ਆਪ ਆਪਣੀ ਮਾਤਾ ਦੇ ਨਾਲ ਮਰਦਾਨ ਆ ਗਏ ਤੇ ਇੱਥੇ ਹੀ ਸਕੂਲ ਵਿੱਚ ਪੜ੍ਹਨਾ ਅਰੰਭ ਕੀਤਾ।

ਬਚਪਨ ਤੋਂ ਹੀ ਆਪ ਦੀਆਂ ਰੁਚੀਆਂ ਧਾਰਮਿਕ ਸਨ। ਆਪ ਪਰਵਾਰ ਦੇ ਜੀਆਂ ਤੋਂ ਅਲੱਗ ਤੇ ਉੱਚਾ ਸੋਚਦੇ ਸਨ। ਇਕ ਵਾਰੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਪੁਰਬ ਤੇ ਸਟੇਜ ਤੇ ਖਲੋ ਕੇ ਆਪ ਜੀ ਨੇ ਬੜੇ ਜੋਸ਼ ਵਿੱਚ ਕਵਿਤਾ ਪੜ੍ਹੀ ਤਾਂ ਪ੍ਰਸਿੱਧ ਹਿਸਟੋਰੀਅਨ ਬਾਵਾ ਪ੍ਰੇਮ ਸਿੰਘ ਹੋਤੀ ਦੀ ਨਜ਼ਰ ਆਪ ਤੇ ਪਈ। ਆਪ ਦੀ ਸੋਹਣੀ ਸੂਰਤ ਤੇ ਸੁਰੀਲੀ ਅਵਾਜ਼ ਜਿਵੇਂ ਉਨ੍ਹਾਂ ਨੂੰ ਮੋਹਿਤ ਹੀ ਕਰ ਗਈ ਤੇ ਉਸ ਦਿਨ ਤੋਂ ਆਪ ਉਨ੍ਹਾਂ ਦੀ ਅਗਵਾਈ ਵਿੱਚ ਵਿੱਦਿਆ ਤੇ ਤਰਬੀਅਤ ਪਾਉਣ ਲੱਗੇ।

ਪੰਥ ਦੇ ਪ੍ਰਸਿੱਧ ਕੀਰਤਨੀਏ, ਭਾਈ ਸਾਹਿਬ, ਭਾਈ ਹੀਰਾ ਸਿੰਘ ਜੀ ਇਕ ਸਮੇਂ ਜਦੋਂ ਹੋਤੀ ਮਰਦਾਨ ਆਏ ਤਾਂ ਭਾਈ ਸਰਬ ਸਿੰਘ ਦੀ ਆਯੂ ਲਗਭਗ 13-14 ਸਾਲ ਦੀ ਸੀ । ਆਪ ਦੋਵੇਂ ਵੇਲੇ ਉਹਨਾਂ ਦਾ ਕੀਰਤਨ ਸੁਣਦੇ ਸਨ। ਇਕ ਦਿਨ ਭਾਈ ਸਾਹਿਬ ਜੀ ਦੀ ਦ੍ਰਿਸ਼ਟੀ ਆਪ ਤੇ ਪਈ ਤਾਂ ਕਹਿਣ ਲੱਗੇ, 'ਕਾਕਾ ਕੀਰਤਨ ਕਰਿਆ ਕਰ"। ਆਪ ਨੇ ਉੱਤਰ ਦਿੱਤਾ "ਮੈਨੂੰ ਵਾਜਾ ਨਹੀਂ ਆਉਂਦਾ ਅਤੇ ਨਾ ਹੀ ਇਤਨੀ ਮਾਇਕ ਸ਼ਕਤੀ ਹੈ ਕਿ ਟਿਊਸ਼ਨ ਦੇਕੇ ਸਿੱਖ ਸਕਾਂ। ਪਰ ਮੈਨੂੰ ਕੀਰਤਨ ਦਾ ਸ਼ੌਕ ਬਹੁਤ ਹੈ।" ਭਾਈ ਸਾਹਿਬ ਜੀ ਬਾਲਕ ਤੇ ਤਰੁਠ ਪਏ। ਉਹਨਾਂ ਨੇ ਗੁਰੂ ਗਰੰਥ ਸਾਹਿਬ ਜੀ ਦੇ ਕਮਰੇ ਵਿੱਚ ਜਾ ਕੇ ਅਰਦਾਸਾ ਸੋਧਿਆ ਅਤੇ ਬਾਲਕ ਸਰਬ ਸਿੰਘ ਨੂੰ ਵਾਜੇ ਉਤੇ ਇਕ ਸ਼ਬਦ ਸਿਖਾਇਆ। ਭਾਈ ਸਾਹਿਬ ਜੀ ਦਾ ਦਿੱਤਾ ਹੋਇਆ ਇਹ ਪਹਿਲਾ ਪਾਠ ਬਰਕਤਾਂ ਦਾ ਭੰਡਾਰ ਹੋ ਨਿਬੜਿਆ ਤੇ ਦਿਨਾਂ ਵਿੱਚ ਹੀ ਕਾਕਾ ਸਰਬ ਸਿੰਘ ਦੇ ਕੀਰਤਨ ਤੇ ਵਿਆਖਿਆ ਦੀਆਂ ਧੁੰਮਾਂ ਇਲਾਕੇ ਵਿੱਚ ਪੈ ਗਈਆਂ।

22 ਸਾਲ ਦੀ ਅਵਸਥਾ ਵਿਚ ਆਪ ਦੀ ਸ਼ਾਦੀ ਬੀਬੀ ਕ੍ਰਿਸ਼ਨ ਕੌਰ, ਸਪੁੱਤਰ ਸ: ਆਤਮਾ ਸਿੰਘ ਜੀ, ਨਾਲ ਪਿਸ਼ਾਵਰ ਵਿਖੇ ਹੋਈ। ਆਪ ਸਧਾਰਨ ਘਰਾਣੇ ਨਾਲ ਸਬੰਧ ਰੱਖਦੇ ਸਨ ਪਰ ਆਪ ਦੀ ਬਰਾਤ ਵਿੱਚ ਹੋਤੀ ਮਰਦਾਨ ਦੇ ਸਾਰੇ ਧਨਵੰਤ ਸ਼ਾਮਲ ਹੋਏ।

ਆਪ ਨੇ ਆਪਣੀ ਪਤਨੀ ਨੂੰ, ਆਉਂਦਿਆਂ ਹੀ ਇਕ ਸ਼ਬਦਾਂ ਦਾ ਗੁਟਕਾ ਦਿੱਤਾ ਅਤੇ ਕਿਹਾ ਕਿ ਉਹ ਵੱਧ ਤੋਂ ਵੱਧ ਸ਼ਬਦ ਜਬਾਨੀ ਯਾਦ ਕਰਨ । ਨਾਲ ਹੀ ਉ! ਨੂੰ ਵੀ ਕੀਰਤਨ ਸਿਖਾ ਦਿੱਤਾ ਤੋਂ ਇਸ ਤਰ੍ਹਾਂ ਇਹ ਦੰਪਤੀ ਕਈ ਵਰ੍ਹੇ ਸ੍ਰੀ ਗੁਰੂ ਸਿੰਘ ਸਭਾ ਹੋਤੀ ਮਰਦਾਨ ਵਿੱਚ ਨੇਮ ਨਾਲ, ਸਵੇਰੇ ਚਾਰ ਵਜੇ ਤੋਂ ਅਰੰਭ ਕਰਕੇ, ਕੀਰਤਨ ਦੀ ਸੇਵਾ ਕਰਦੇ ਰਹੇ ।

ਆਪ ਨੇ ਆਪਣੀ ਉਪ ਜੀਵਕਾ ਲਈ ਪਹਿਲਾਂ ਡਾਕਟਰ ਪ੍ਰੇਮ ਸਿੰਘ ਜੀ ਪਾਸੋਂ ਕੰਪਾਉਂਡਰ ਦਾ ਅਤੇ ਫਿਰ ਡਾਕਟਰ ਸ੍ਰੀ ਰਾਮ ਡੈਂਟਲ ਸਰਜਨ ਤੋਂ ਦੰਦਾਂ ਦਾ ਕੰਮ ਸਿੱਖਿਆ ਅਤੇ ਡਾਕ ਰਾਹੀਂ ਪੜ੍ਹਾਈ ਕਰਕੇ ਡਿਗਰੀ ਹਾਸਲ ਕੀਤੀ। ਕੁਝ ਸਮੇਂ ਪਿੱਛੋਂ ਆਪ ਨੇ ਹੋਤੀ ਮਰਦਾਨ ਵਿੱਚ ਹੀ ਡੈਂਟਲ ਸਰਜਰੀ ਦੀ ਪ੍ਰੈਕਟਿਸ ਆਪਣੀ ਦੁਕਾਨ ਪਾ ਕੇ ਆਰੰਭ ਕਰ ਦਿੱਤੀ। ਦਿਨਾਂ ਵਿਚ ਹੀ ਆਪ ਦੀ ਦੁਕਾਨ ਖੂਬ ਚੱਲ ਗਈ। ਕਾਰਨ ਇਹ ਕਿ ਆਪ ਦਾ ਸੁਭਾਉ ਬਹੁਤ ਹੀ ਮਿਲਾਪੜਾ ਤੇ ਪਿਆਰ ਵਾਲਾ ਸੀ ਅਤੇ ਗਰੀਬ ਗੁਰਬੇ ਦਾ ਮੁਫ਼ਤ ਇਲਾਜ ਕਰਨ ਤੋਂ ਇਲਾਵਾ ਦਵਾਈ ਆਦਿ ਵੀ ਮੁਫ਼ਤ ਹੀ ਦੇ ਦਿਆ ਕਰਦੇ ਸਨ। ਪਠਾਣ ਲੋਕ ਆਪ ਨੂੰ ਬਹੁਤ ਹੀ ਪਿਆਰ ਕਰਦੇ ਸਨ।

ਇਨ੍ਹਾਂ ਦਿਨਾਂ ਵਿੱਚ ਹੀ ਆਪ ਨੇ ਇੱਕ ਅਕਾਲ ਸYਨਾ ਸਥਾਪਤ ਕੀਤੀ ਅਤੇ ਕਈ ਸਾਲ ਇਸ ਦੇ ਜਨਰਲ ਸੈਕਟਰੀ ਰਹੇ। ਦਿਨ ਦੇ ਕੰਮ ਕਾਰ ਤੋਂ ਵਿਹਲੇ ਹੋ ਕੇ ਰਾਤ ਦੇ ਸਮੇਂ ਸਿੰਘਾਂ ਦੀ ਭਰਤੀ ਕਰਦੇ ਤੇ ਉਨ੍ਹਾਂ ਨੂੰ ਪ੍ਰੇਡ

ਕਰਵਾਉਂਦੇ। ਟੀਚਾ ਤੋਂ ਅਰਦਾਸ ਇਹ ਸ਼ਬਦ ਹੁੰਦਾ ਸੀ :-

**ਖਗ ਖੰਡ ਬਿਹੰਡੰ ਖਲ ਦਲ ਖੰਡੰ ਅਤਿ ਰਣ ਮੰਡੰ ਬਰਬੰਡੰ॥**

ਜਦੋਂ ਹੋਤੀ ਮਰਦਾਨ ਦੇ ਇੱਕ ਪ੍ਰਸਿੱਧ ਰਈਸ ਨੇ ਬਾਬਾ ਫੂਲਾ ਸਿੰਘ ਅਕਾਲੀ ਦੀ ਸਮਾਧ ਨੌਸ਼ਹਿਰ ਦੀ ਜ਼ਮੀਨ ਤੇ ਨਾਜਾਇਜ਼ ਕਬਜ਼ਾ ਕੀਤਾ ਤਾਂ ਅਪ ਨੇ ਅਕਾਲ ਸੈਨਾ ਦੇ ਜਥੇ ਨਾਲ ਸਮਾਧ ਤੇ ਚੜ੍ਹਾਈ ਕੀਤੀ ਅਤੇ ਰਈਸ ਵਲੋਂ ਲਿਆਂਦੇ ਹੋਏ ਹਥਿਆਰ ਬੰਦ ਪਠਾਣਾਂ ਨੂੰ ਪਛਾੜ ਕੇ ਗੁਰ-ਦੁਆਰ ਦੀ ਜਮੀਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹਵਾਲੇ ਕਰ ਦਿੱਤੀ। ਇਸ ਮੁਹਿੰਮ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਦੇ ਕਾਰਨ ਉਹ ਰਈਸ ਇਨ੍ਹਾਂ ਦੀ ਜਾਨ ਦਾ ਵੈਰੀ ਹੋ ਗਿਆ ਅਤੇ ਇੱਕ ਪਠਾਣ ਨੂੰ ਪੰਜ ਸੋ ਰਹਿਆ ਤੇ ਪਿਸਤੌਲ ਦੇ ਕੇ ਇਨ੍ਹਾਂ ਨੂੰ ਮਾਰਨ ਲਈ ਭੇਜਿਆ। ਕੁਦਰਤ ਦੀ ਕਰਨੀ, ਉਹ ਪਠਾਣ ਬੇਸ਼ਕ ਰਈਸ ਦਾ ਸੇਵਕ ਸੀ ਪਰ ਡਾਕਟਰ ਸਾਹਿਬ ਪਾਸੋਂ ਕਈ ਵਾਰੀ ਦੰਦਾਂ ਦਾ ਇਲਾਜ ਕਰਵਾ ਕੇ ਗਿਆ ਸੀ ਤੇ ਉਨ੍ਹਾਂ ਦੇ ਪਿਆਰ ਵਾਲੇ ਤੇ ਗਰੀਬ ਤਰਸੀ ਸੁਭਾਅ ਤੇ ਮੁਗਧ ਸੀ । ਉਸਨੇ ਆਪ ਹੀ ਆ ਕੇ ਇਨ੍ਹਾਂ ਨੂੰ ਸਾਰੀ ਵਿਥਿਆ ਦਸੀ ਅਤੇ ਨਾਲ ਹੀ ਆਪਣੀ ਜਾਨ ਦਾ ਵਾਸਤਾ ਪਾ ਕੇ ਸ਼ਹਿਰ ਛੱਡਣ ਲਈ ਮਜਬੂਰ ਕੀਤਾ।

ਸੋ ਲਗਭਗ 1940 ਦੇ ਅੰਤ ਵਿਚ ਆਪ ਹੋਤੀ ਮਰਦਾਨ ਛੱਡ ਆਏ ਅਤੇ ਰਾਵਲ ਪਿੰਡੀ ਆ ਵਸੇ। ਇੱਥੇ ਵੀ ਆਉਂਦਿਆਂ ਹੀ ਆਪਣੀ ਦੁਕਾਨ ਪਾ ਲਈ ਅਤੇ ਨਾਲ ਹੀ ਗੁਰਦੁਆਰਾ ਮਾਈ ਵੀਰੋ ਦੀ ਬੰਨੀ ਵਿੱਚ ਅੰਮ੍ਰਿਤ ਵੇਲੇ ਦਾ ਕੀਰਤਨ ਅਰੰਭ ਦਿੱਤਾ। ਛੇਤੀ ਹੀ ਆਪ ਦੀ ਪ੍ਰਸਿੱਧੀ ਦੂਰ ਦੂਰ ਤੱਕ ਫੈਲ ਗਈ।

ਆਪ ਨੂੰ ਸਿੱਖ-ਇਤਿਹਾਸ ਤੋਂ ਗੁਰਬਾਣੀ ਦੀ ਖੋਜ ਦਾ ਸ਼ੌਕ ਤਾਂ ਅਰੰਭ ਤੋਂ ਹੀ ਸੀ ਤੇ ਜੀਵਨ ਨੂੰ ਇੰਨ ਬਿੰਨ ਸਿੱਖੀ ਪ੍ਰਭਨਿਆਂ ਤੇ ਢਾਲਿਆ ਹੋਇਆ ਸੀ। ਪ੍ਰੰਤੂ ਸੋਨੇ ਤੇ ਸੁਹਾਗੇ ਦਾ ਕੰਮ ਹੋ ਗਿਆ ਜਦੋਂ ਸਿੱਖ ਐਜੂਕੇਸ਼ਨਲ ਕਾਨਰਵੰਸ ਲਾਹੌਰ ਵਿੱਚ ਸ੍ਰੀ ਮਾਨ ਸੰਤ ਸੰਗਤ ਸਿੰਘ ਜੀ ਕਮਾਲੀਏ ਵਾਲੇ ਅਤੇ ਸ੍ਰੀ ਮਾਨ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੀ ਛੋਹ ਆਪ ਨੂੰ ਪ੍ਰਾਪਤ ਹੋਈ। ਇਸ ਪਿੱਛੋਂ ਆਪ ਨੇ ਪੂਰੀ ਤਰ੍ਹਾਂ ਆਪਣੇ ਆਪ ਨੂੰ ਕੰਮ ਦੀ ਸੇਵਾ ਲਈ ਅਰਪਨ ਕਰ ਦਿੱਤਾ। ਇਸ ਤੋਂ ਪਹਿਲਾਂ ਆਪ ਦਾੜ੍ਹਾ ਬੰਨ ਕੇ ਰੱਖਦੇ ਸਨ। ਹੁਣ ਖੁੱਲਾ ਰੱਖਣਾ ਅਰੰਭ ਕਰ ਦਿੱਤਾ। ਸਫੈਦ ਕੁੜਤਾ ਪਜਾਮਾ ਤੇ ਦਸਤਾਰਾ ਪਹਿਨਣ ਲੱਗੇ । ਸਰਦੀਆਂ ਵਿੱਚ ਉਪਰ ਕਾਲਾ ਅਚਕਨ ਪਹਿਨਦੇ। ਅਜਿਹੀ ਪ੍ਰਭਸ਼ਾਵਾਲੀ ਸ਼ਖਸੀਅਤ ਲੱਗਦੇ ਕਿ ਜਦੋਂ ਸਟੇਜ ਤੇ ਬੈਠ ਕੇ ਆਪਣੇ ਸੁਰੀਲੇ ਗਲੇ ਵਿੱਚੋਂ ਅਵਾਜ਼ ਕੱਢਦੇ ਤਾਂ ਸ੍ਰੋਤਿਆਂ ਦੇ ਦਿਲਾਂ ਦੀਆਂ ਤਰਬਾਂ ਧੁਰ ਉਪਰ ਸਾਂਈ ਨਾਲ ਜੋੜ ਦਿੰਦੇ। ਸੰਤ ਸੰਗਤ ਸਿੰਘ ਜੀ ਮਹਾਰਾਜ ਦੀ ਪ੍ਰੇਰਨਾ ਸਦਕਾ ਆਪ ਨੇ ਕੁਝ ਚਿਰ ਲਈ ਦੁਕਾਨ ਬੰਦ ਕਰ ਦਿੱਤੀ ਤੇ ਪਰਚਾਰ ਅਰੰਭ ਦਿੱਤਾ। ਆਪ ਜੀ ਦੀ ਪ੍ਰੇਰਨਾ ਨਾਲ ਸੈਂਕੜੇ ਹੀ ਲੋਕਾਂ ਨੇ ਅੰਮ੍ਰਿਤ ਪਾਠ ਕੀਤਾ। ਆਪ ਨੇ ਕਈ ਵਾਰੀ ਕਰਾਚੀ ਸਿੰਧ ਤੇ ਬੰਬਈ ਤੱਕ ਦੇ ਦੌਰੇ ਕੀਤੇ। ਬੱਚਿਆਂ ਨਾਲ ਉਨ੍ਹਾਂ ਨੂੰ ਸਦਾ ਹੀ ਬਹੁਤ ਪਿਆਰ ਰਿਹਾ। ਦੀਵਾਨ ਵਿੱਚ ਆਮ ਵਕਤਾ ਦੀ ਇੱਛਾ ਹੁੰਦੀ ਹੈ ਕਿ ਬੱਚਿਆ ਨੂੰ ਬਾਹਰ ਕੱਢ ਦਿੱਤਾ ਜਾਏ ਜਾਂ ਪਿਛੇ ਬਿਠਾਇਆ ਜਾਏ। ਪਰ ਆਪ ਦਾ ਅਸੂਲ ਇਸ ਦੇ ਉਲਟ ਸੀ। ਆਪ ਬੱਚਿਆਂ ਨੂੰ ਸਦਾ ਹੀ ਪਹਿਲੀਆਂ ਕਰਾਰਾਂ ਵਿੱਚ ਸਿਠਾਉਂਦੇ ਅਤੇ ਵਿਆਖਿਆ ਵਿੱਚ ਉਨ੍ਹਾਂ ਨੂੰ ਸੰਬੋਧਨ ਕਰਦੇ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਇਹ ਕੰਮ ਦੀ ਪਨੀਰੀ ਹੈ। ਇਸ ਨੂੰ ਅਸੀਂ ਪੂਰਨ ਅਨੁਸ਼ਾਸਨ ਦੀ ਟਰੇਨਿੰਗ ਦੇਣੀ ਹੈ। ਕਮਾਲ ਦੀ ਗੱਲ ਹੈ ਕਿ ਇਨ੍ਹਾਂ ਦੇ ਦੀਵਾਨਾਂ ਵਿੱਚ ਸੈਂਕੜੇ ਬੱਚੇ ਹੁੰਦੇ ਸਨ ਪਰ ਕਦੇ ਕੋਈ ਬੱਚਾ ਅਨੁਸ਼ਾਸਨ ਭੰਗ ਨਹੀਂ ਸੀ ਕਰਦਾ।

ਰਾਵਲ ਪਿੰਡੀ ਰਹਿੰਦਿਆਂ, ਆਪ ਗਰਮੀਆਂ ਦੇ ਜੇ ਮਹੀਨੇ ਪਰਵਾਰ ਸਮੇਤ ਕੋਹਮਰੀ ਆ ਜਾਂਦੇ ਸਨ। ਤੇ ਇਥੇ ਵੀ ਸਭ ਬੱਚਿਆ ਨੂੰ ਇਕੱਠਾ ਕਰਕੇ ਬਾਣੀ ਦਾ ਪਾਠ ਸਿਖਾਉਂਦੇ ਤੇ ਅੰਮ੍ਰਿਤ ਪਾਠ ਕਰਵਾਉਂਦੇ ਸਨ। ਬੱਚਿਆਂ ਦੇ ਉਤਸ਼ਾਹ ਲਈ ਪਾਠ ਸੁਣਾਉਣ ਦੇ ਇਨਾਮੀ ਮੁਕਾਬਲੇ ਕਰਵਾਉਂਦੇ ਅਤੇ ਆਪਣੇ ਪਾਸੋਂ ਇਨਾਮ ਵੰਡਿਆ ਕਰਦੇ ਸਨ। ਉਹ ਹੀ ਬੱਚਾ ਉਨ੍ਹਾਂ ਨੂੰ ਸਭ ਤੋਂ ਪਿਆਰਾ ਹੁੰਦਾ ਜੋ ਵੱਧ ਤੋਂ ਵੱਧ ਬਾਣੀ ਯਾਦ ਕਰਦਾ। ਇਸ ਤਰ੍ਹਾਂ ਕਈ ਸਾਲ ਇਹ ਪਰਵਾਰ ਚੱਲਦਾ ਰਿਹਾ ਅਤੇ ਅਣਗਿਣਤ ਬੱਚੇ ਇਨ੍ਹਾਂ ਦੇ ਯਤਨਾਂ ਨਾਲ ਜੁੜੇ।

1947 ਵਿੱਚ ਜਦੋਂ ਦੇਸ਼ ਦੀ ਵੰਡ ਹੋਈ ਤਾਂ ਆਪ ਪਰਵਾਰ ਸਮੇਹ ਪਟਿਆਲੇ ਆ ਗਏ। ਹੁਣ ਤੱਕ ਹਰੇਕ ਕੰਮ ਆਪਣੇ ਮਹਿਬਰ ਸੰਤ ਸੰਗਤ ਸਿੰਘ ਜੀ ਮਹਾਰਾਜ ਦੀ ਆਗਿਆ ਨਾਲ ਕਰਦੇ ਆਏ ਸਨ । ਸੋ ਹੁਣ ਵੀ ਉਨ੍ਹਾਂ ਦੀ ਆਗਿਆ ਨਾਲ ਹੀ ਪਟਿਅਲੇ ਵਿੱਚ ਚੱਕ ਕਿਲ੍ਹਾ ਮੁਬਾਰਕ ਵਿੱਚ ਦੰਦਾਂ ਅਤੇ ਐਨਕਾਂ ਦੀ ਦੁਬਾਨ ਆਰੰਭ ਕਰ ਲਈ ਤੇ ਨਾਲ ਹੀ ਕੀਰਤਨ ਦੀ ਸੇਵਾ ਜਾਰੀ ਰੱਖੀ। ਸਵੈਨਿਰ-ਭਰਤਾ ਤੇ ਕਾਦਰ ਤੇ ਇਤਨਾ ਦ੍ਰਿੜ ਵਿਸ਼ਵਾਸ ਸੀ ਕਿ ਗੰਭੀਰ ਮਾਇਕ ਅੰਕੜਾ ਸਮੇਂ ਵੀ ਕੱਪ ਵਿੱਚ ਰਹਿਣਾ ਅਤੇ ਮੁਫ਼ਤ ਦਾ ਪ੍ਰਸ਼ਾਦਾ ਛਕਣਾ ਸਵੀਕਾਰ ਨਹੀਂ ਕੀਤਾ । ਉਨ੍ਹਾਂ ਦਾ ਕਹਿਣਾ ਸੀ ਕਿ ਜਿੱਥੇ ਅਸੀਂ ਆਪਣਾ ਹਿੱਸਾ ਨਹੀਂ ਪਾ ਸਕਦੇ ਉਥੋਂ ਖਾਣ ਦਾ ਸਾਝਾ ਕੋਈ ਹੱਕ ਨਹੀਂ । ਸੋ ਸਾਰੀਆਂ ਮੁਸੀਬਤਾਂ ਨੂੰ ਖਿੜੇ ਮੱਥੇ ਝੱਲਦੇ ਰਹੇ ਪਰ ਕਿਸੇ ਅੱਗੇ ਹੱਥ ਨਹੀਂ ਫੈਲ ਇਆ ਅਤੇ ਨਾ ਹੀ ਖੇੜੇ ਦਾ ਤਿਆਗ ਕੀਤਾ ।

ਸਦਾ ਹੀ ਹੰਸੂ ਹੰਸੂ ਕਰਦਾ ਚਿਹਰਾ ਤੋਂ ਚੜ੍ਹਦੀਆਂ ਕਲਾਂ ਵਿੱਚ ਰਹਿੰਦੇ ।

ਇੱਥੇ ਹੀ ਮਾਤਾ ਸਾਹਿਬ ਕੌਰ ਦਾ ਗੁਰਦੁਆਰਾ ਸਥਾਪਿਤ ਕੀਤਾ ਅਤੇ ਅੰਮ੍ਰਿਤ ਵੇਲੇ ਕੀਰ-ਤਨ ਦੀ ਸੇਵਾ ਕਰਕੇ ਆਪ ਆਤਮਿਕ ਖੁਰਾਕ ਪ੍ਰਾਪਤ ਕਰਦੇ ਤੇ ਸੰਗਤਾਂ ਨੂੰ ਨਿਹਾਲ ਕਰਦੇ। ਬਾਲਵਾੜੀ ਇੱਥੇ ਵੀ ਜੁੜ ਗਈ। ਸ਼ਾਮ ਨੂੰ ਅਤੇ ਛੁੱਟੀ ਵਾਲੇ ਦਿਨ ਬੱਚਿਆਂ ਦੇ ਵਿਸ਼ੇਸ਼ ਸਮਾਗਮ ਹੁੰਦੇ। ਜਿਨ੍ਹਾਂ ਵਿਚ ਉਨ੍ਹਾਂ ਨੂੰ ਸ਼ਬਦ ਤੇ ਬਾਣੀਆਂ ਕੰਠ ਕਰਵਾਈਆਂ ਜਾਂਦੀਆਂ ਤੇ ਗੁਰਪੁਰਬਾਂ ਤੇ ਉਨ੍ਹਾਂ ਦੇ ਇਨਾਮੀ ਮੁਕਾਬਲੇ ਕੀਤੇ ਜਾਂਦੇ। ਨਾਲ ਹੀ ਇਸੇ ਸਥਾਨ ਤੇ ਲੜਕੀਆਂ ਲਈ ਮਿਡਲ ਤੱਕ ਸਕੂਲ ਵੀ ਅਰੰਭ ਕਰਵਾ ਦਿੱਤਾ। ਭਾਵੇਂ ਇਸ ਸਾਰੇ ਕਾਰਜ ਲਈ ਕਮੇਟੀ ਵੀ ਚੁਣੀ ਹੋਈ ਸੀ ਪਰ ਮੂਲ ਯਤਨ ਆਪ ਦਾ ਹੁੰਦਾ ਸੀ। ਇਮਾਰਤ ਲੈਣੀ ਉਗਰਾਹੀ ਕਰਨੀ, ਸਕੂਲ ਦੀ ਮਨਜੂਰੀ ਲੈਣੀ, ਗ੍ਰਾਂਟ ਆਦਿ ਦਾ ਪ੍ਰਬੰਧ ਕਰਨਾ ਆਦਿ ਆਪ ਦਾ ਹੀ ਕੰਮ ਹੁੰਦਾ ਸੀ। ਸੰਗਤਾਂ ਤਾਂ ਆਪ ਨੂੰ ਪਿਆਰ ਕਰਦੀਆਂ ਹੀ ਸਨ, ਬੱਚਿਆਂ ਦਾ ਆਪ ਨਾਲ ਅਦੁੱਤੀ ਪਿਆਰ ਸੀ। ਸਾਰੇ ਹੀ ਆਪ ਨੂੰ 'ਭਾਪਾ ਜੀ' ਕਹਿਕੇ ਬੁਲਾਉਂਦੇ ਸਨ ਅਤੇ ਹਰ ਬੱਚਾ ਇਹ ਵਿਸ਼ਵਾਸ਼ ਕਰਦਾ ਸੀ ਕਿ ਭਾਪਾ ਜੀ ਮੈਨੂੰ ਸਭ ਤੋਂ ਵਧੇਰੇ ਪਿਆਰ ਕਰਦੇ ਹਨ ।

ਘਰ ਘਰ ਵਿੱਚ ਕੀਰਤਨ ਦਾ ਪ੍ਰਵਾਹ ਚਲਾਉਣ, ਸਿਖ ਕੰਮ ਨੂੰ ਅਪਣੀ ਵਿਹਲ ਨੂੰ ਚੰਗੇ ਪਾਸੇ ਲਾਉਣ ਦੀ ਪ੍ਰੇਰਨਾ ਕਰਨ, ਅਤੇ ਬਜ਼ੁਰਗਾਂ ਦੇ ਵਿਰਸੇ ਨੂੰ ਸੰਭਾਲਣ ਲਈ ਆਪ ਜੀ ਨੇ ਇਕ ਨਵਾਂ ਪ੍ਰਯਤਨ ਅਰੰਭਿਆ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪਾਵਨ ਸ਼ਹੀਦੀ ਗੁਰਪੁਰਬ ਤੋਂ ਚਾਲੀ ਦਿਨ ਪਹਿਲੇ, ਚਲੀਹੇ ਦਾ ਅਰੰਭ ਕੀਤਾ। ਪਹਿਲਾ ਕੀਰਤਨ ਮਾਤਾ ਸਾਹਿਬ ਕੌਰ ਦਲ ਦੇ ਗੁਰ-ਦੁਆਰੇ ਵਿੱਚ ਤੇ ਬਾਕੀ ਦੇ ਦਿਨ ਵਖੋ ਵਖਰੇ ਮਹਲਿਆਂ ਦੇ ਗੁਰਦਵਾਰਿਆਂ ਜਾਂ ਪ੍ਰੇਮੀਆ ਦੇ ਘਰਾਂ ਵਿੱਚ ਕੀਤਾ ਜਾਂਦਾ । ਇਹ ਕੀਰਤਨ ਰਾਤ ਦੇ ਸਮੇਂ ਖਾਓ ਪੀਓ ਤੋਂ ਵਿਹਲੇ ਹੋ ਕੇ ਅਰੰਭ ਹੁੰਦਾ ਤੇ ਲਗਭਗ 12 ਵਜੇ ਸਮਾਪਤੀ ਹੁੰਦੀ । ਕੀਰਤਨ ਦੇ ਪ੍ਰੇਮੀ ਤੇ ਸੰਗਤ ਹੁਮ ਹਮਾ ਕੇ ਜੁੜਦੀ। ਅੰਤਲਾ ਕੀਰਤਨ ਗੁਰਪੁਰਬ ਵਾਲੇ ਦਿਨ ਰਾਤ ਨੂੰ ਕੀਤਾ ਜਾਦਾ। ਇੱਥੋਂ ਹੀ ਚਲੀਹੇ ਦਾ ਭੋਗ ਪਾਇਆ ਜਾਂਦਾ ਅਤੇ ਨਾਲ ਹੀ ਅਤੁੱਟ ਲੰਗਰ ਵਰਤਦਾ। ਇਸ ਲੰਗਰ ਦੀ ਮਰਯਾਦਾ ਵੀ ਆਪ ਨੇ ਨਿਖੜਵੀਂ ਹੀ ਰੱਖੀ । ਸਾਰੀ ਸੰਗਤ ਆਪਣੇ ਆਪਣੇ ਘਰ ਤੋਂ ਇੱਕ ਇੱਕ ਕਿਲੋ ਆਟਾ ਪਕਾ ਕੇ ਲਿਆਉਂਦੀ ਅਤੇ ਦਾਲਾ ਗੁਰਦੁਆਰੇ ਤਿਆਰ ਹੁੰਦਾ। ਇਸ ਤਰ੍ਹਾਂ ਬਿਨਾਂ ਵਿਸ਼ੇਸ਼ ਯਤਨ ਦੇ ਨਿਰੰਤਰ ਲੰਗਰ ਵਰਤਾਉਣ ਪਿਛੋਂ ਵੀ ਤੋਟ ਨਾ ਆਉਂਦੀ।

ਆਪਣੀ ਆਯੂ ਵਿੱਚ ਉਨ੍ਹਾਂ ਨੇ ਇਹੋ ਜਿਹੇ ਤੇਰ੍ਹਾਂ ਚਲੀਹੇ ਪੂਰੇ ਕੀਤੇ। ਆਪ ਇਨ੍ਹਾਂ ਚਾਲੀ ਦਿਨਾਂ ਵਿੱਚ ਇੱਕ ਵਾਰੀ ਵੀ ਗੈਰਹਾਜ਼ਰ ਨਹੀਂ ਸੀ ਹੁੰਦੇ ਅਤੇ ਇਨ੍ਹਾਂ ਦਿਨਾਂ ਵਿੱਚ ਰਾਤ ਦਾ ਖਾਣਾ ਵੀ ਆਮ ਤੌਰ ਤੇ ਨਹੀਂ ਸੀ ਖਾਦੇ। ਆਪ ਦੀ ਚਲਾਈ ਹੋਈ ਦਿਸ ਲਹਿਰ ਤੋਂ ਇਲਾਕੇ ਦੇ ਕਈ ਗੁਰਮੁਖ ਪ੍ਰਾਣੀ ਇਤਨੇ ਪ੍ਰਭਾਵਿਤ ਹੋਏ ਕਿ ਉਨ੍ਹਾਂ ਨੇ ਆਪਣੇ ਆਪਣੇ ਸ਼ਹਿਰ ਵਿਚ ਵੀ ਇਹ ਪ੍ਰਵਾਹ ਚਲਾ ਦਿੱਤੇ। ਅਬੋਹਰ ਮੰਡੀ, ਸਮਾਣਾ ਮੰਡੀ ਤੇ ਬੰਬਈ ਵਿੱਚ ਵੀ ਇਹ ਪ੍ਰਵਾਹ ਚਲ ਰਹੇ ਹਨ।

ਇਸ ਤਰ੍ਹਾਂ ਹੀ ਨਿਰਰੰਤ ਸੇਵਾ ਕਰਦਿਆਂ ਹੋਇਆਂ ਆਪ ਦਾ ਸਰੀਰ ਕੁਝ ਅਸਵਸਥ ਹੋਣ ਲੱਗ ਪਿਆ ਤੇ 3 ਨਵੰਬਰ 1970 ਨੂੰ 62 ਸਾਲ ਦੀ ਆਯੂ ਭੋਗ ਕੇ ਆਪ ਸਤਿਗੁਰਾਂ ਦੇ ਦੇਸ਼ ਨੂੰ ਚਾਲੇ ਪਾ ਗਏ । ਆਪ ਦਾ ਵਿਛੋੜਾ ਸੰਗਤਾਂ ਲਈ ਅਸਹਿ ਸੀ । ਦੂਰ ਦੂਰ ਤੋਂ ਸੰਗਤਾਂ ਆਪ ਜੀ ਲਈ ਕੀਤੇ ਗਏ ਅਰਦਾਸਿਆ ਵਿੱਚ ਸ਼ਾਮਲ ਹੋਈਆਂ। ਰਾਜ ਸਰਕਾਰ ਦੀ ਪੱਧਰ ਤੱਕ ਆਪ ਦੇ ਘਟੋ ਨੂੰ ਅਨੁਭਵ ਕੀਤਾ ਗਿਆ। ਅੰਤਿਮ ਅਰਦਾਸੇ ਵਿੱਚ ਸ. ਗਿਆਨ ਸਿੰਘ ਰਾੜੇਵਾਲਾ ਸਾ ਰਕੇਲ ਸਿੰਘ ਮੰਤਰੀ ਤੇ ਸ: ਰਾਜਾ ਨਰਿੰਦਰ ਸਿੰਘ ਸ਼ਾਮਲ ਹੋਏ । ਇਨ੍ਹਾਂ ਸਾਰਿਆਂ ਨੇ ਉਨ੍ਹਾਂ ਨੂੰ ਭਰਪੂਰ ਸ਼ਰਧਾਂਜਲੀਆਂ ਅਰਪਨ ਕੀਤੀਆਂ । ਸ: ਰਾੜੇ ਵਾਲਾ ਦਾ ਸੰਪਰਕ ਉਨ੍ਹਾਂ ਨਾਲ 23 ਸਾਲ ਤੋਂ ਸੀ ਅਤੇ ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਨੇ ਅਪਣੇ ਆਪ ਨੂੰ ਸਦਾ ਹੀ ਚੜ੍ਹਦੀਆਂ ਕਲਾਂ ਅਤੇ ਖਿੜੇ ਹੋਏ ਮਸਤਕ ਨਾਲ ਹੀ ਵੇਖਿਆ ਹੈ।

ਸ੍ਰੀ ਮਾਨ ਸੰਤ ਕਰਤ ਰ ਸਿੰਘ ਜੀ ਕਮਾਲੀਏ ਵਾਲਿਆਂ ਨੇ ਆਪ ਨੂੰ ਕਰਮ ਯੋਗੀ ਕਿਹਾ ਅਤੇ ਬਹੁਤ ਹੀ ਬਹੁਮੁਲੇ ਸ਼ਬਦਾਂ ਵਿਚ ਆਪਣਾ ਅੰਤਿਮ ਪਿਆਰ ਅਰਪਨ ਕੀਤਾ ।

ਆਪ ਦੇ ਸਦੀਵੀ ਵਿਛੋੜੇ ਸਮੇਂ ਆਪ ਜੀ ਦੇ ਪਿਆਰ ਦੀ ਆਮ ਚਰਚਾ ਸੀ । ਜੇ ਕੋਈ ਵੀ ਸ਼ੱਕ ਪ੍ਰਗਟ ਕਰਨ ਲਈ ਆਉਂਦਾ, ਕਹਿੰਦਾ, "ਭਾਪਾ ਜੀ ਦਾ ਮੇਰੇ ਨਾਲ ਵਿਸ਼ੇਸ਼ ਪਿਆਰ ਸੀ । ਮੈਨੂੰ ਉਹ ਬਹੁਤ ਹੀ ਪਿਆਰ ਕਰਦੇ ਸਨ ।" ਪਰਵਾਰ ਦੇ ਜੀਅ ਸੁਣ ਸੁਣ ਕੇ ਹੈਰਾਨ ਹੁੰਦੇ ਸਨ ਕਿ ਭਾਪਾ ਜੀ ਪਾਸ ਕਿੰਨਾ ਵੱਡਾ ਪਿਆਰ ਦਾ ਖਚਾਨਾ ਸੀ ਜੋ ਉਹ ਇਤਨੀ ਖੁਲ-ਦਿਲੀ ਨਾਲ ਵੰਡਦੇ ਰਹੇ ਅਤੇ ਤਟ ਫਿਰ ਵੀ ਨਹੀਂ ਆਈ।

ਅਸਲ ਵਿੱਚ ਆਪ ਨੇ ਆਪਣੇ ਜੀਵਨ ਨੂੰ ਗੁਰ-ਸਿੱਖ ਲੀਹਾਂ ਤੇ ਚਾਲਿਆ ਹੋਇਆ ਸੀ। ਇਹ ਹੀ ਕਾਰਨ ਸੀ ਕਿ ਹਰ ਮਿਲਣ ਵਾਲਾ ਉਨ੍ਹਾਂ ਤੋਂ ਬਹੁਤ ਹੀ ਪ੍ਰਭਾਵਿਤ ਹੁੰਦਾ ਸੀ । ਕੇਵਲ ਆਪਣੀ ਕੰਮ ਹੀ ਨਹੀਂ, ਦੂਜੀਆਂ ਜਾਤੀਆਂ ਦੇ

ਲੋਕ ਵੀ ਆਪ ਨੂੰ ਇਕ ਪੂਜਯ ਹਸਤੀ ਸਮਝਦੇ ਸਨ।

ਆਪ ਜੀ ਦੀ ਸ਼ਖਸੀਅਤ ਵਿਚ ਮਿਕਨਾਤੀਸੀ ਖਿੱਚ ਸੀ । ਇਹ ਹੀ ਕਾਰਨ ਸੀ ਕਿ ਆਪ ਦੀ ਪ੍ਰੇਰਨਾ ਬਹੁਤ ਹੀ ਪ੍ਰਭਾਵਸ਼ਾਲੀ ਸੀ । ਜਦੋਂ ਇਕ ਵਾਰੀ ਆਪ ਇਕ ਗੁਰਪੁਰਬ ਦੇ ਸਮੇਂ' ਤਲਵਾਰਾ' ਗਏ ਤਾਂ ਆਪ ਨੇ ਕਮੇਟੀ ਨੂੰ ਕਿਹਾ ਕਿ ਗੁਰਪੁਰਬ ਵਾਲੇ ਦਿਨ ਗੁਰੂ ਕਾ ਲੰਗਰ ਜਰੂਰੀ ਹੋਣਾ ਚਾਹੀਦਾ ਹੈ। ਕਮੇਟੀ ਦਾ ਵਿਚਾਰ ਸੀ ਕਿ ਇਤਨੀ ਵੱਡੀ ਸਿੱਖ ਅਬਾਦੀ ਦੇ ਕਾਰਨ ਲੰਗਰ ਤਿਆਰ ਕਰਨਾ ਮੁਸ਼ਕਲ ਹੈ ਤੇ ਦੂਸਰੇ ਪਾਸੇ ਖਾਣ ਵਾਲੀ ਲੰਬਰ ਇਤਨੀ ਹੈ ਕਿ ਪੂਰਾ ਕਰਨਾ ਅਸੰਭਵ ਹੈ। ਆਪ ਨੇ ਕਿਹਾ ਇਹੋ ਜਿਹੀ ਕੋਈ ਅਸੰਭਵ ਗੱਲ ਨਹੀਂ, ਆਪ ਮੇਰੇ ਤੇ ਛੱਡ ਦਿਉ। ਆਪ ਨੇ ਰਾਤ ਦੇ ਦੀਵਾਨ ਵਿੱਚ ਸੰਗਤ ਨੂੰ ਪ੍ਰੇਰਨਾ ਕੀਤੀ ਕਿ ਹਰ ਘਰ ਆਪਣੇ ਵੱਲੋਂ ਇਕ ਇਕ ਕਿਲੋ ਆਟੇ ਦੇ ਪ੍ਰਸਾਦੇ ਪਕਾ ਕੇ ਲਿਆਏ, ਵਾਲਾ ਗੁਰਦੁਆਰੇ ਵਿੱਚ ਤਿਆਰ ਕੀਤਾ ਜਾਵੇਗਾ ।

ਦੂਸਰੇ ਦਿਨ ਸੰਗਤ ਲਈ ਲੰਗਰ ਦਾ ਨਜ਼ਾਰਾ ਇਕ ਅਦਭੁਤ ਨਜ਼ਾਰਾ ਬਣ ਗਿਆ।

ਫੁਲਕਿਆਂ ਦੇ ਅੰਬਾਰ ਲਗ ਗਏ ਸ਼ਾਮ ਤਕ ਲੰਗਰ ਵਰਤਦਾ ਰਿਹਾ, ਪਰ ਫਿਰ ਵੀ ਭੈਏ ਨਾ ਆਈ ਅਣਗਿਣਤ ਪਰਸਾਦੇ ਬਚ ਗਏ ਤਾਂ ਆਪ ਜੀ ਕਮੇਟੀ ਦੇ ਬੰਦਿਆਂ ਨੂੰ ਨਾਲ ਲੈ ਕੇ ਸਟੇਸ਼ਨ ਤੇ ਗਏ ਤੇ ਰਾਤ ਵਾਲੀ ਗੱਡੀ ਦੇ ਮੁਸਾਫਰਾਂ ਨੂੰ ਬਾਕੀ ਦਾ ਸਾਰਾ ਲੰਗਰ ਛਕਾ ਕੇ ਆਏ। ਤਲਵਾੜੇ ਦੇ ਇਤਿਹਾਸ ਵਿੱਚ ਇਹ ਇਕ ਨਵਾਂ ਮੋੜ ਸੀ।

ਆਪ ਜੀ ਦੇ ਨਿੱਜੀ ਜੀਵਨ ਦੇ ਅਸੂਲ ਵੀ ਅਤਿ ਉੱਚੇ ਸਨ । ਕਦੇ ਕਿਸੇ ਦਾ ਦਿਲ ਨਹੀਂ ਜੀ ਦੁਖਾਉਂਦੇ। ਨੌਕਰਾਂ ਨੂੰ ਬਹੁਤ ਪਿਆਰ ਕਰਦੇ ਸਨ । ਕਿਹਾ ਕਰਦੇ ਸਨ, "ਮੈਂ ਜਾਣਦਾ ਹਾਂ ਕਿ ਮਾਲਕ ਦੇ ਝਿੜਕਣ ਤੇ ਨੌਕਰ ਦੇ ਦਿਲ ਤੇ ਕੀ ਗੁਜ਼ਰਦੀ ਹੈ । ਮੈਂ ਨੌਕਰੀ ਦੇ ਦਿਨ ਵੇਖੇ ਹੋਏ ਹਨ। ਇਸ ਲਈ ਇਨ੍ਹਾਂ ਨੂੰ ਕੁਝ ਨਹੀਂ ਕਹਿਣਾ ਚਾਹੀਦਾ ।" ਕਈ ਨੌਕਰਾਂ ਨੂੰ ਉਨ੍ਹਾਂ ਨੇ ਬਚਪਨ ਤੋਂ ਆਪਣੇ ਪਾਸ ਰੱਖਿਆ, ਕੰਮ ਸਿਖਾਇਆ ਤੇ ਆਪਣੇ ਹੱਥੀਂ, ਉਨ੍ਹਾਂ ਦੀਆਂ ਸ਼ਾਦੀਆਂ ਕੀਤੀਆਂ । ਲੋੜ-ਵੰਦਾ ਨੂੰ ਸਦਾ ਗੁਪਤ-ਦਾਨ ਦਿਆ ਕਰਦੇ ਸਨ ।

ਆਪਣਾ ਕੰਮ ਹੱਥੀਂ ਕਰਨ ਦਾ ਉਨ੍ਹਾਂ ਦਾ ਅਸੂਲ ਸੀ । ਸਿਹਤ ਠੀਕ ਨਾ ਹੋਣ ਦੇ ਬਾਵਜੂਦ ਵੀ ਅਜਿਹਾ ਕਰਨ ਦੀ ਕੋਸ਼ਸ਼ ਕਰਦੇ ਰੋਕਣ ਤੋਂ ਗੁਰਬਾਣੀ ਦੀ ਤੁਕ ਪੜ੍ਹਦੇ :-

"ਆਪਣ ਹਥੀਂ ਆਪਣਾ ਆਪੇ ਹੀ ਕਾਜ ਸਵਾਰੀਐ"

ਇਥੇ ਹੀ ਬੱਸ ਨਹੀਂ, ਦੁਨਿਆਵੀ ਸੇਵਾ ਲਈ ਸਦਾ ਤੱਤਪਰ ਰਹਿੰਦੇ ।

ਆਪਣੇ ਜੀਵਨ ਵਿੱਚ ਸੁੱਖ ਅਰਾਮ ਉਨ੍ਹਾਂ ਨੇ ਸਾਰੇ ਹੀ ਪ੍ਰਾਪਤ ਕੀਤੇ ਤੇ ਮਾਣੇ ਹਨ ਪਰ ਦਿਲਚਸਪੀ ਦੀ ਗੱਲ ਹੈ ਕਿ ਸਾਰਾ ਸਮਾਂ ਪਦਾਰਥਕ ਕਾਰ-ਵਿਹਾਰ ਵਿੱਚ ਰੁੱਝੇ ਰਹਿਣ ਦੇ ਬਾਵਜੂਦ ਵੀ ਨਿਰਲੇਪ ਸਨ । ਸੁਰਤ ਸਦਾ ਹੀ ਉੱਚੀ ਰਹਿੰਦੀ ਤੇ ਹਰਬਾਂ ਸਾਈਂ ਨਾਲ ਜੁੜੀਆਂ ਰਹਿੰਦੀਆਂ ।

ਦੁਨਿਆਵੀ ਪੱਖੋਂ ਕੋਈ ਉਚੇਰੀ ਵਿੱਦਿਆ ਨਹੀਂ ਸੀ ਪਾਈ, ਪਰ ਵੱਡੇ ਤੋਂ ਵੱਡੇ ਅਫ਼ਸਰ ਨੂੰ ਮਿਲਣੋਂ ਕਦੇ ਨਹੀਂ ਸੀ ਝਿਜਕਦੇ ਅਤੇ ਅਚਰਜ ਤਾਂ ਇਹ ਹੈ ਕਿ ਜਿਸ ਨੂੰ ਇਕ ਵਾਰੀ ਮਿਲਦੇ, ਉਹ ਇਤਨਾ ਪ੍ਰਭਾਵਿਤ ਹੁੰਦਾ ਕਿ ਉਨ੍ਹਾਂ ਦੀ ਲੋੜ ਪੂਰੀ ਕਰਨ ਤੋਂ ਕਦੇ ਪਿੰਡ ਨਾ ਹਟਦਾ ਸਗੋਂ ਅਜਿਹਾ ਕਰਨ ਵਿਚ ਅਪਣਾ ਸੁਭਾਗ ਅਨੁਭਵ ਕਰਦਾ।

ਸਾਧਾਰਣ ਜੀਵਨ ਵਿੱਚ ਕਿਸੇ ਨੂੰ ਪੰਚਲ ਦੇ ਕੇ ਰਾਜ਼ੀ ਨਹੀਂ ਸੀ ਹੁੰਦੇ । ਇਥੋਂ ਤੱਕ ਕਿ ਅੰਮ੍ਰਿਤ ਵੇਲੇ ਜਾ ਰਾਤ ਨੂੰ ਦੇਰ ਨਾਲ ਕਿਸੇ ਚੀਜ਼ ਦੀ ਲੋੜ ਪੈਂਦੀ ਤਾਂ ਕਿਸੇ ਨੂੰ ਨਹੀਂ ਸੀ ਕਹਿੰਦੇ । ਪੋਲੇ ਪੈਰੀਂ ਬਿਨਾ ਪੜਾਕ ਕੀਤਿਆਂ ਆਪ ਹੀ ਅਪਣੀ ਲੋੜ ਪੂਰੀ ਕਰ ਲੈਂਦੇ ।

ਅਤਿ ਪਿਆਰੀ ਸ਼ਖਸੀਅਤ ਸਨ ਉਹ। ਸਿੱਖੀ ਲਈ ਅਧਾਰ ਪਿਆਰ ਤੇ ਜਥ, ਆਪਣੇ ਗੁਰੂ ਤੇ ਅਤੁੱਟ ਭਰੋਸਾ, ਉਤਸਾਹ ਤੇ ਉਮਾਹ ਦੇ ਨਾਲ ਭਰਪੂਰ, ਕਿਉਂਕਿ ਉਨ੍ਹਾਂ ਦੇ ਸਾਹਮਣੇ ਤਾਂ ਸਦਾ ਹੀ ਗੁਰਬਾਣੀ ਦੀਆਂ ਤੁਕਾ ਚਾਨਣ ਮੁਨਾਰੇ ਸਨ :--

ਜਾ ਕਾ ਮੀਤੁ ਸਾਜਨੁ ਹੈ ਸਮੀਆ॥
ਤਿਸੁ ਜਨ ਕਉ ਕਹੁ ਕਾ ਕੀ ਕਮੀਆ॥੧॥

# ਰਾਗ ਕਾਮੋਦ

ਪ੍ਰਿੰ. (ਗਿਆਨੀ) ਦਿਆਲ ਸਿੰਘ

| | | |
|---|---|---|
| ਵਾਦੀ—ਪ | ਠਾਟ – ਕਲਿਆਣ | ਸਮਾਂ —ਰਾਤ ਦਾ ਪਹਿਲਾ ਪਹਿਰ। |
| ਸੰਵਾਦੀ – ਰ | ਜਾਤੀ – ਵਕ੍ਰ-ਸੰਪੂਰਣ | ਵਿਸ਼ੇਸ਼ – 'ਰੇ-ਪਾ' ਦੀ ਸੁਰ-ਸੰਗਤੀ। |

ਮ
ਆਰੋਹ - ਸ, ਰ ਪ, ਮੰਪ, ਨਧ, ਪ; ਸਂ।

ਅਵਰੋਹ – ਸਂ, ਨਧ ਪ, ਗਮਪ, ਗਮਰ, ਸ।

ਮ
ਪਕੜ —ਰ ਪ, ਮੰਪਧਪ, ਗਮਪਗਮਰ, ਸ।

ਕਾਮੋਦ ਇਕ ਪ੍ਰਸਿੱਧ ਤੇ ਪੁਰਾਤਨ ਰਾਗ ਹੈ। ਸੰਗੀਤ ਗ੍ਰੰਥਾਂ ਵਿਚ ਇਸ ਦੇ ਕਾਮੋਦ, ਕਾਮੋਦਾ, ਕਾਮੋਦੀ ਤੇ ਕਾਮੋਦਿਕਾ ਨਾਮ ਲਿਖੇ ਮਿਲਦੇ ਹਨ। ਪ੍ਰਾਚੀਨ ਪਰਿਵਾਰ-ਵਰਗ (ਰਾਗ-ਰਾਗਣੀ) ਨੂੰ ਮੰਨਣ ਵਾਲੇ ਸੰਗੀਤਕਾਰਾਂ ਨੇ ਇਸ ਰਾਗ ਨੂੰ ਆਪੋ-ਆਪਣੇ ਮਤ ਅਨੁਸਾਰ ਵਖੋ-ਵਖ ਪਰਿਵਾਰਾਂ ਵਿਚ ਲਿਖਿਆ ਹੈ। ਜਿਵੇਂ :—'ਸ਼ਿਵ-ਮਤ' ਇਸ ਨੂੰ ਨਟ ਨਾਰਾਇਣ ਰਾਗ ਦੀ ਰਾਗਣੀ (ਇਸਤ੍ਰੀ) ਮੰਨਦਾ ਹੈ। 'ਕਾਲੀ ਨਾਥ-ਮਤ' ਮੇਘ ਰਾਗ ਦੀ ਰਾਗਣੀ, 'ਭਰਤ-ਮਤ' ਦਾ ਕਰਤਾ ਮਾਲਕੌਂਸ ਰਾਗ ਦੀ ਨੂੰਹ (ਪੁਤ੍ਰ-ਵਧੂ) ਅਤੇ 'ਹਨੂਮਾਨ-ਮਤ' ਦਾ ਕਰਤਾ ਇਸੇ ਰਾਗ ਨੂੰ ਦੀਪਕ ਰਾਗ ਦੀ ਰਾਗਣੀ ਕਰਕੇ ਲਿਖਦਾ ਹੈ। ਇਸ ਤੋਂ ਇਲਾਵਾ ਕੁਝ ਸੰਗੀਤ ਗ੍ਰੰਥਾਂ ਵਿਚ ਕਾਮੋਦ ਨੂੰ ਸ਼ੰਕਰਾ ਭਰਣ ਮੇਲ (ਬਿਲਾਵਲ ਠਾਟ) ਦਾ ਰਾਗ ਭੀ ਮੰਨਿਆ ਹੈ। ਪਰ ਆਧੁਨਿਕ ਸੰਗੀਤ ਵਿਦਵਾਨ ਇਸ ਨੂੰ ਕਲਿਆਣ ਠਾਟ ਦਾ ਰਾਗ ਮੰਨਦੇ ਹਨ। ਭਾਵ— ਹਮੀਰ, ਕਾਮੋਦ ਕੇਦਾਰਾ, ਛਾਇਆਨਟ ਆਦਿ ਰਾਗ ਜੋ ਪਹਿਲਾਂ ਬਿਲਾਵਲ ਠਾਟ ਦੇ ਰਾਗ-ਵਰਗ ਵਿਚ ਸਨ, ਉਹ ਦੋਵੇਂ 'ਮੱਧਮਾਂ' ਦੇ ਪ੍ਰਯੋਗ ਹੋਣ ਕਾਰਣ, ਮੌਜੂਦਾ ਸਮੇਂ ਦੀ ਠਾਟ-ਪੱਧਤੀ ਅਨੁਸਾਰ ਕਲਿਆਣ ਠਾਟ ਵਿਚ ਆ ਗਏ ਹਨ। ਸੋ, ਕਾਮੋਦ ਕਲਿਆਣ ਠਾਟ ਦਾ ਰਾਗ ਹੈ। ਇਸ ਦੀ ਜਾਤੀ-ਸੰਪੂਰਣ (ਵਕ੍ਰ-ਸੰਪੂਰਣ) ਵਾਦੀ ਪੰਚਮ ਤੇ ਸੰਵਾਦੀ ਰਿਖਭ ਹੈ ਅਤੇ ਗਾਉਣ ਦਾ ਸਮਾਂ ਰਾਤ ਦਾ ਪਹਿਲਾ ਪਹਿਰ (ਲਗ-ਭਗ ਅੱਠ ਨੌਂ ਵਜੇ ਰਾਤ) ਹੈ।

ਕਲਿਆਣ ਠਾਟ ਦੇ ਦੋਵੇਂ 'ਮੱਧਮ' ਲੱਗਣ ਵਾਲੇ ਰਾਗਾਂ ਦੀ ਇਕ ਵਿਸ਼ੇਸ਼ਤਾ ਇਹ ਹੈ ਕਿ ਇਨ੍ਹਾਂ ਦੇ ਆਰੋਹ ਵਿਚ 'ਨਿਖਾਦ' ਤੇ ਅਵਰੋਹ ਵਿਚ 'ਗੰਧਾਰ' ਸੁਰ ਦੁਰਬਲ ਰਹਿੰਦਾ ਹੈ। ਇਸੇ ਕਰਕੇ ਕੁਝ ਗਾਇਕ ਕਾਮੋਦ ਰਾਗ ਨੂੰ 'ਓਡਵ-ਸੰਪੂਰਣ ਜਾਤੀ ਦਾ ਰਾਗ ਮੰਨਦੇ ਹਨ।

ਭਾਰਤੀ ਸੰਗੀਤ-ਸ਼ਾਸਤ੍ਰ ਦੀ ਇਹ ਇਕ ਵਿਸ਼ੇਸ਼ਤਾ ਹੈ ਕਿ ਰਾਤੀਂ ਗਾਏ ਜਾਣ ਵਾਲੇ ਰਾਗ ਆਰੋਹ ਵਿਚ ਪ੍ਰਗਟ ਹੁੰਦੇ ਹਨ ਅਤੇ ਦਿਨ ਨੂੰ ਗਾਏ ਜਾਣ ਵਾਲੇ ਰਾਗ ਅਵਰੋਹ ਵਿਚ ਵਧੇਰੇ ਸਪਸ਼ਟ ਹੁੰਦੇ ਹਨ।

# ਰਾਗ ਕਾਮੋਦ, ਤਿੰਨਤਾਲ (ਮੱਧਜ ਲਯ)

ਕਾਹੇ ਪੂਤ ਝਗਰਤ ਹਉ ਸੰਗਿ ਬਾਪ ॥
ਜਿਨ ਕੇ ਜਣੇ ਬਡੀਰੇ ਤੁਮ ਹਉ ਤਿਨ ਸਿਉ ਝਗਰਤ ਪਾਪ ॥੧॥ਰਹਾਉ॥
ਜਿਸੁ ਧਨ ਕਾ ਤੁਮ ਗਰਬੁ ਕਰਤ ਹਉ ਸੋ ਧਨੁ ਕਿਸਹਿ ਨ ਆਪ ॥
ਖਿਨ ਮਹਿ ਛੋਡਿ ਜਾਇ ਬਿਖਿਆ ਰਸੁ ਤਉ ਲਾਗੈ ਪਛੁਤਾਪ ॥੧॥
ਜੋ ਤੁਮਰੇ ਪ੍ਰਭ ਹੋਤੇ ਸੁਆਮੀ ਹਰਿ ਤਿਨ ਕੇ ਜਾਪਹੁ ਜਾਪ ॥
ਉਪਦੇਸੁ ਕਰਤ ਨਾਨਕ ਜਨ ਤੁਮ ਕਉ ਜਉ ਸੁਨਹੁ ਤਉ ਜਾਇ ਸੰਤਾਪ ॥੨॥

(ਸਾਰੰਗ ਮਹਲਾ ੪, ਪੰਨਾ ੧੨੦੦)

## ਅਸਥਾਈ

| ० | | | | ੩ | | | | × | | | | ੨ | | | |
|---|---|---|---|---|---|---|---|---|---|---|---|---|---|---|---|
| | | | | | | | | ਮੰ | | | | | | | |
| ਸ | ਮਰ | ਪ | ਪ | ਪ | ਪ | ਧ | ਧ | ਪ | — | ਧ | — | ਧ | ਪ | — | ਪ |
| ਕਾ | ਹੇऽ | ਪੂ | ਤ | ਝ | ਗ | ਰ | ਤ | ਹਉ | ऽ | ਸੰ | ऽ | ਗ | ਬਾ | ऽ | ਪ |
| | | | | | | | | | | | | ਸ | | | |
| ਗ | ਮ | ਪ | ਗ | ਮ | ਰ | ਸ | ਸ | ਸ | — | ਰ | ਸ | ਧ̣ | ਧ̣ | ਪ̣ | — |
| ਜਿ | ਨ | ਕੇ | ऽ | ਜ | ऽ | ਣੇ | ਬ | ਡੀ | ऽ | ਰੇ | ऽ | ਤੁ | ਮ | ਹਉ | ऽ |
| | | | | | | | | ਮੰ | | | | | | | |
| ਪ̣ | ਪ̣ | ਸ | ਸ | ਰ | ਰ | ਸ | ਸ | ਪ | ਗਮ | ਰ | ਸ | — | ਰ | — | ਸ |
| ਤਿ | ਨ | ਸਿਉ | ऽ | ਝ | ਗ | ਰ | ਤ | ਝ | ਗऽ | ਰ | ਤ | ऽ | ਪਾ | ऽ | ਪ |

## ਅੰਤਰਾ


| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਪ | ਪ | ਪ | ਪ | ਸਂ | — | ਸਂ | ਸਂ | ਸਂ | ਸਂ | ਸਂ | ਸਂ | ਸਂ | ਰਂ | ਸਂ | — |
| ਜਿ | ਸੁ | ਧ | ਨ | ਕਾ | ऽ | ਤੁ | ਮ | ਗ | ਰ | ਬੁ | ਕ | ਰ | ਤ | ਹਉ | ऽ |
| ਨੀ | | ਨ | ਨ | | | | | ਨ | | | | ਨ | | | |
| ਧ | — | ਧ | ਧ | ਸਂ | ਸਂ | — | ਸਂ | ਸਂ | ਰਂ | ਸਂ | — | ਧ | — | ਨ̣ | ਪ |
| ਸੋ | ऽ | ਧ | ਨ | ਕਿ | ਸਹਿ | ऽ | ਨ | ਆ | ऽ | ऽ | ऽ | ऽ | ऽ | ऽ | ਪ |
| ਪ | | | | | | | | | | | | | | | |
| ਮੰ | ਮੰ | ਪ | — | ਧ | — | ਪ | ਪ | ਗ | ਮ | ਪ | ਗ | ਮ | ਰ | ਸ | ਸ |
| ਖਿ | ਨ | ਮਹਿ | ऽ | ਛੋ | ऽ | ਡ | ਜਾ | ਇ | ऽ | ਬਿ | ਖਿ | ਆ | ऽ | ਰ | ਸ |
| ਸ | — | ਮ | ਰ | ਪ | — | ਮੰ | ਪ | ਮੰਪ | ਧਸਂ | ਧਪ | ਮੰਪ | ਧਪ | ਗਮ | ਰ | ਸ |
| ਤਉ | ऽ | ਲਾ | ऽ | ਗੈ | ऽ | ਪ | ਛੁ | ਤਾऽ | ऽऽ | ऽऽ | ऽऽ | ऽऽ | ऽऽ | ऽ | ਪ |

— ਬਾਕੀ ਤੁਕਾਂ ਅੰਤਰੇ ਤੇ ਲਾਓ ।

THE ALP GROUP

# EXPANDING CAPABILITIES

EPDM/PVC/TPE/TPR/ EXTRUDED PROFILES, MOULDED PARTS & WEATHER STRIPS




# PIONEERING ENGINEERING SOLUTIONS IN RUBBER & PLASTIC



















THE ALP GROUP


**Corporate Office:**
Plot No.: 32, Sector-18, HUDA, Gurgaon-122015 Haryana. India
Tel.: +91-124-4731500, 600 | web: www.alpgroupup.in
E-mail: alp@anbros.com